ਕਨੇਡਾ ਵਿੱਚ ਵੋਟ ਪਾਉਣ ਦਾ ਹੱਕ ਜਿੱਤਣ ਨਾਲ ਸਿਰਫ ਭਾਰਤੀਆਂ ਦਾ ਹੀ ਇਸ ਦੇਸ ਦੇ ਭਾਈਚਾਰੇ ਵਿੱਚ ਸਤਿਕਾਰਯੋਗ ਸਥਾਨ ਨਹੀਂ ਬਣਿਆਂ ਇਸ ਨਾਲ ਕਨੇਡਾ ਦੇ ਭਾਈਚਾਰੇ ਦਾ ਖੁਦ ਆਪਣੀਆਂ ਨਜ਼ਰਾਂ ਵਿੱਚ ਅਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਵੀ ਸਤਿਕਾਰ ਵਧਿਆ। ਜੇ ਕਨੇਡਾ ਦਾ ਸਮਾਜ ਅੱਜ ਦੁਨੀਆਂ ਦੇ ਬੇਹਤਰੀਨ ਸਮਾਜਾਂ ਵਿਚੋਂ ਗਿਣਿਆਂ ਜਾਂਦਾ ਹੈ ਤਾਂ ਨਿਰਸੰਦੇਹ ਇਸ ਵਿੱਚ ਕੁੱਝ ਹੱਥ ਭਾਰਤੀਆਂ ਵਲੋਂ ਲੜੇ ਗਏ ਅਨੇਕਾਂ ਅਜਿਹੇ ਘੋਲਾਂ ਦਾ ਵੀ ਹੈ ਜਿਹਨਾਂ ਰਾਹੀਂ ਉਨ੍ਹਾਂ ਨੇ ਕਨੇਡਾ ਦੇ ਉਹ ਕਾਨੂੰਨ ਤਬਦੀਲ ਕਰਵਾਏ ਜਿਹੜੇ ਲੋਕਾਂ ਨੂੰ ਰੰਗ, ਨਸਲ, ਧਰਮ ਅਤੇ ਹੋਰ ਵੱਖਰੇਵਿਆਂ ਕਾਰਨ ਊਚ-ਨੀਚ ਨਾਲ ਦੇਖਦੇ ਸਨ।

ਵੈਨਕੂਵਰ ਸੱਥ: ਸਹਿਤਕ ਤੇ ਸਭਿਆਚਾਰਕ ਜਥੇਬੰਦੀ

# ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ:

## ਪੰਜਾਹਵੀ ਵਰ੍ਹੇ-ਗੰਢ ਸਮੇਂ ਵਿਸ਼ੇਸ਼

ਸੁਖਵੰਤ ਹੁੰਦਲ
ਅਤੇ
ਸਾਧੂ ਬਿਨਿੰਗ

bhartian ne kaneda vich vot da hak kis tranh liaa: panjahvin vreh gandh te vishesh

(How Indians in Canada Aquired the Right to Vote: A Special at the Fiftieth Anniversary.)

Sukhwant Hundal
Sadhu Binning

Sukhwant Hundal
10636 - 132 St., Surrey, B.C. Canada, V3T 3V8
Ph.:(604) 581-3211; E-mail: shundal@sfu.ca

Sadhu Binning
4325 Portland Street, Burnaby, B. C. Canada, V5J 2N5
Ph./Fax: (604) 437-9014; E-mail: sbinning@unixg.ubc.ca

© Sukhwant Hundal
and
Sadhu Binning
ਪਹਿਲੀ ਵਾਰ 1997

ਪ੍ਰਕਾਸ਼ਕ:
ਸੱਥ ਪਬਲੀਕੇਸ਼ਨਜ਼

Publisher:
Sath Publications
10636 - 132 St., Surrey, B.C. Canada, V3T 3V8
4325 Portland Street, Burnaby, B. C. Canada, V5J 2N5

ਕੀਮਤ: $5.00

ਨਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ ਕਨੇਡੀਅਨ
ਅਤੇ ਡਾਕਟਰ ਡੀ. ਪੀ. ਪਾਂਡੀਆ ਨੂੰ
ਸਮਰਪਿਤ
ਜਿਨ੍ਹਾਂ ਨੇ ਵੋਟ ਦਾ ਹੱਕ ਲੈਣ ਵਾਸਤੇ
ਲੜੀ ਗਈ ਜੱਦੋ-ਜਹਿਦ ਵਿੱਚ
ਬਹੁਤ ਅਹਿਮ ਭੂਮਿਕਾ ਨਿਭਾਈ

# ਤਤਕਰਾ

ਪ੍ਰਵੇਸ਼ 1

ਕਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਦੀ ਪੰਜਾਹਵੀ ਵਰ੍ਹੇ ਗੰਢ 3

- ਵੋਟ ਦਾ ਹੱਕ ਕਦੋਂ ਅਤੇ ਕਿਸ ਤਰ੍ਹਾਂ ਖੋਹਿਆ ਗਿਆ 6
- ਵੋਟ ਦਾ ਹੱਕ ਨਾ ਹੋਣ ਦੇ ਅਸਰ 11
- ਬਰਤਾਨਵੀ ਸਾਮਰਾਜ ਅਤੇ ਉਸਦੇ ਨੁਮਾਇੰਦਿਆਂ ਦੀ ਭਾਰਤੀ ਕਨੇਡੀਅਨਾਂ ਦੇ ਵੋਟ ਦੇ ਹੱਕ ਬਾਰੇ ਪਿੰਤਾ 13
- ਸਥਾਨਕ ਭਾਰਤੀ ਕਮਿਊਨਿਟੀ ਵਲੋਂ ਜੱਦੋ-ਜਹਿਦ 18
- ਅੰਤਿਕਾ 38

ਹਵਾਲੇ 41

ਲੜੀਵਾਰ ਵੇਰਵਾ 43

ਬਿਬਲੀਓਗਰਾਫੀ 54

# ਪ੍ਰਵੇਸ਼

ਕਨੇਡਾ ਵਿੱਚ ਵਸਦੇ ਭਾਰਤੀ ਤੇ ਖਾਸ ਕਰ ਅਸੀਂ ਪੰਜਾਬੀ, ਜੋ ਏਥੇ ਆਉਣ ਵਾਲੇ ਭਾਰਤੀਆਂ 'ਚੋਂ ਮੋਢੀ ਸਾਂ, ਇਸ ਸਾਲ ਆਪਣੀ ਸੌਵੀਂ ਵਰ੍ਹੇ-ਗੰਢ ਮਨਾ ਰਹੇ ਹਾਂ। ਅਜਿਹੇ ਸਮੇਂ ਆਪਣੇ ਪਿਛੋਕੜ ਉੱਤੇ ਝਾਤ ਮਾਰਨ ਲਈ ਜ਼ਿਆਦਾ ਢੁਕਵੇਂ ਹੁੰਦੇ ਹਨ। ਸਾਡੇ ਇਥੋਂ ਦੇ ਸੌ ਸਾਲ ਦੇ ਇਤਿਹਾਸ ਬਾਰੇ ਬਹੁਤ ਕੁੱਝ ਲਿਖਿਆ ਵਿਚਾਰਿਆ ਗਿਆ ਹੈ ਜੋ ਬਹੁਤਾ ਕਰਕੇ ਭਾਈਚਾਰੇ ਤੋਂ ਬਾਹਰਲੇ ਲੋਕਾਂ ਵਲੋਂ ਕੀਤਾ ਗਿਆ ਹੈ। ਇਹ ਸਾਡੀ ਆਪਣੀ ਲੋੜ ਅਤੇ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਜਾਣੀਏ, ਸਮਝੀਏ, ਸਾਂਭੀਏ ਤਾਂ ਕਿ ਅਸੀਂ ਆਪਣੇ ਅੱਜ ਨੂੰ ਸਹੀ ਸੰਦਰਭ ਵਿੱਚ ਜਾਣ, ਮਾਣ ਸਕੀਏ ਅਤੇ ਆਉਣ ਵਾਲੇ ਕੱਲ ਨੂੰ ਜਿਉਣ-ਯੋਗ ਬਣਾਉਣ ਵਿੱਚ ਆਪਣਾ ਹਿੱਸਾ ਪਾ ਸਕੀਏ।

ਕਨੇਡਾ ਵਿੱਚ ਸਾਡੇ ਪਿਛੋਕੜ ਦੇ ਕੁੱਝ ਪੱਖਾਂ ਉੱਪਰ ਮੁਕਾਬਲਤਨ ਜ਼ਿਆਦਾ ਚਰਚਾ ਹੋਈ ਹੈ। ਕਈ ਪੱਖ ਅਜਿਹੇ ਹਨ ਜਿਨ੍ਹਾਂ ਬਾਰੇ ਅਜੇ ਏਨਾ ਕੁੱਝ ਲਿਖਿਆ ਵਿਚਾਰਿਆ ਨਹੀਂ ਗਿਆ। ਅਜਿਹਾ ਹੀ ਇਕ ਪੱਖ ਇਸ ਮੁਲਕ ਵਿੱਚ ਵੋਟ ਦਾ ਹੱਕ ਪ੍ਰਾਪਤ ਕਰਨ ਪਿੱਛੇ ਸਾਡੀ ਲੰਮੀ ਜੱਦੋ-ਜਹਿਦ ਦੀ ਕਹਾਣੀ ਹੈ। ਸਾਡੇ ਬਜ਼ੁਰਗਾਂ ਕੋਲੋਂ ਕਿਨ੍ਹਾਂ ਹਾਲਤਾਂ ਵਿੱਚ ਇਹ ਹੱਕ ਖੋਹਿਆ ਗਿਆ ਅਤੇ ਕਿਸ ਤਰ੍ਹਾਂ ਇਕ ਲੰਮੀ ਘਾਲਣਾ ਬਾਅਦ ਇਸਨੂੰ ਮੁੜ ਪ੍ਰਾਪਤ ਕੀਤਾ ਗਿਆ? ਇਹ ਸਾਡੇ ਲਈ ਇਕ ਮਾਣ ਕਰਨ ਅਤੇ ਯਾਦ ਰੱਖਣ ਯੋਗ ਇਤਿਹਾਸਕ ਕਾਂਡ ਹੈ। ਪਰ ਸਾਡੀ ਅਣਗਹਿਲੀ ਕਾਰਨ ਇਹ ਅਜੇ ਸਾਡੀ ਇਤਿਹਾਸਕ ਸੋਚ ਦਾ ਹਿੱਸਾ ਨਹੀਂ ਬਣ ਸਕਿਆ।

ਅਸੀਂ ਸਮਝਦੇ ਹਾਂ ਕਿ ਵੋਟ ਦਾ ਹੱਕ ਹੋਣਾ ਜਾਂ ਨਾ ਹੋਣਾ ਸਾਡੀ ਕਮਿਊਨਿਟੀ ਦੇ ਇਸ ਮੁਲਕ ਵਿਚਲੇ ਵਿਕਾਸ ਲਈ ਸ਼ਾਇਦ ਹੋਰ ਸਭ ਪੱਖਾਂ ਤੋਂ ਵੱਧ ਫੈਸਲਾਕੁਨ ਅਸਰ ਪਾਉਣ ਵਾਲੀ ਗੱਲ ਸੀ। ਅਸੀਂ ਕਨੇਡਾ ਵਿੱਚ ਇਸ ਵੇਲੇ ਇਕ ਇਜ਼ਤਦਾਰ ਭਾਈਚਾਰੇ ਦੇ ਤੌਰ ਉੱਤੇ ਜੀ ਰਹੇ ਹਾਂ। ਕਨੇਡਾ ਦੇ ਸਮਾਜ ਦੇ ਹਰ ਖਿੱਤੇ ਵਿੱਚ ਅਸੀਂ ਆਪਣਾ ਯੋਗਦਾਨ ਪਾ ਰਹੇ ਹਾਂ। ਇਹ ਸਭ ਕੁੱਝ ਵੋਟ ਦੇ ਹੱਕ ਬਿਨਾਂ ਸੋਚਿਆ ਨਹੀਂ ਜਾ ਸਕਦਾ।

ਵੋਟ ਦੇ ਹੱਕ ਵਾਸਤੇ ਕੀਤੀ ਜੱਦੋ-ਜਹਿਦ ਨਾਲ ਸਿਰਫ ਸਾਡੀ ਕਮਿਊਨਿਟੀ

ਦਾ ਵਿਕਾਸ ਹੀ ਨਹੀਂ ਹੋਇਆ ਸਗੋਂ ਇਸ ਨਾਲ ਸਮੁੱਚੇ ਕਨੇਡੀਅਨ ਸਮਾਜ ਦਾ ਵੀ ਇਕ ਚੰਗੇ ਭਾਈਚਾਰੇ ਦੇ ਤੌਰ ਉੱਤੇ ਵਿਕਾਸ ਹੋਇਆ ਜਿਸ ਨਾਲ ਇਸ ਮੁਲਕ ਦਾ ਸਿਰ ਦੁਨੀਆਂ ਭਰ ਵਿੱਚ ਉੱਚਾ ਹੈ। ਦੁਨੀਆਂ ਦੀਆਂ ਨਜ਼ਰਾਂ ਵਿੱਚ ਕਨੇਡਾ ਨੂੰ ਇਕ ਵਧੀਆ ਸਮਾਜ ਬਣਾਉਣ ਵਿੱਚ ਸਾਡੀ ਕਮਿਊਨਿਟੀ ਵਲੋਂ ਪਾਏ ਵੱਡਮੁੱਲੇ ਯੋਗਦਾਨ ਦਾ ਸਾਨੂੰ ਗਿਆਨ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਇਤਿਹਾਸ ਅਤੇ ਇਸ ਮੁਲਕ ਉੱਤੇ ਸਹੀ ਅਰਥਾਂ ਵਿੱਚ ਮਾਣ ਕਰ ਸਕਦੇ ਹਾਂ। ਸਾਡੇ ਇਤਿਹਾਸ ਦਾ ਗਿਆਨ ਸਾਨੂੰ ਦੱਸਦਾ ਹੈ ਕਿ ਅਸੀਂ ਵੀ, ਦੂਜੇ ਲੋਕਾਂ ਵਾਂਗ, ਇਸ ਮੁਲਕ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਇਆ ਹੈ। ਇਸ ਗਿਆਨ ਨਾਲ ਸਾਡੇ ਲਈ ਇਹ ਸਚਾਈ ਮੰਨਣੀ ਸਹਿਜ ਹੋ ਜਾਂਦੀ ਹੈ ਕਿ ਕਨੇਡਾ ਹੁਣ ਜਿੰਨਾ ਕਿਸੇ ਹੋਰ ਦਾ ਮੁਲਕ ਹੈ ਉਨਾਂ ਹੀ ਸਾਡਾ ਵੀ ਹੈ। ਸਾਡੇ ਖਿਆਲ ਵਿੱਚ ਇਤਿਹਾਸ ਨੂੰ ਜਾਨਣਾ ਅਤੇ ਸਮਝਣਾ ਸਮਾਜ ਨੂੰ ਵਧੀਆ ਬਣਾਉਣ ਵਿੱਚ ਸਹਾਈ ਹੋਵੇਗਾ ਕਿਉਂਕਿ ਅੱਗੇ ਤੋਂ ਅਸੀਂ ਇਕ ਭਾਈਚਾਰੇ ਦੇ ਤੌਰ ਉੱਤੇ ਉਨ੍ਹਾਂ ਗੱਲਾਂ ਬਾਰੇ ਚੇਤੰਨ ਰਹਾਂਗੇ ਜੋ ਸਾਡੇ ਸਮਾਜ ਦੇ ਕਿਸੇ ਵੀ ਹਿੱਸੇ ਨੂੰ ਦਬਾਉਣ ਵਾਲੀਆਂ ਜਾਂ ਵਿਤਕਰਾ ਕਰਨ ਵਾਲੀਆਂ ਹੋਣ। ਸਾਡਾ ਇਹ ਲੇਖ ਆਪਣੇ ਇਤਿਹਾਸ ਨੂੰ ਜਾਨਣ ਅਤੇ ਸਮਝਣ ਦੇ ਅਮਲ ਦਾ ਹੀ ਹਿੱਸਾ ਹੈ।

ਅਖੀਰ ਵਿੱਚ ਅਸੀਂ ਦੋਸਤ ਸੋਹਣ ਪੂੰਨੀ, ਗੁਰਮੇਲ ਰਾਏ ਅਤੇ ਗੁਰਚਰਨ ਰਾਮਪੁਰੀ ਜੀ ਦਾ, ਕਿਤਾਬ ਪੜ੍ਹ ਕੇ ਸੁਝਾਅ ਦੇਣ ਲਈ, ਧੰਨਵਾਦ ਕਰਦੇ ਹਾਂ। ਅਸੀਂ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਮੈਂਬਰਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਆਪਣੀ ਇਕ ਬੈਠਕ ਵਿੱਚ ਸਾਡੀ ਇਸ ਕਿਰਤ ਨੂੰ ਸੁਣਿਆਂ ਅਤੇ ਵਿਚਾਰਿਆ।

ਮੈਂ (ਸੁਖਵੰਤ ਹੁੰਦਲ) ਆਪਣੀ ਸਾਥਣ ਅੰਜੂ ਦਾ ਸ਼ੁਕਰਗੁਜ਼ਾਰ ਹਾਂ ਜਿਸ ਦਾ ਸਾਥ ਮੇਰੇ ਲਿਖਣ ਦੇ ਕੰਮ ਲਈ ਉਤਸ਼ਾਹ ਤੇ ਸ਼ਕਤੀ ਪ੍ਰਦਾਨ ਕਰਦਾ ਹੈ।

ਮੈਂ (ਸਾਧੂ ਬਿਨਿੰਗ) ਆਪਣੀ ਜੀਵਨ ਸਾਥਣ ਜਗਦੀਸ਼ ਦਾ ਧੰਨਵਾਦੀ ਹਾਂ ਜਿਸ ਦੇ ਸਹਿਯੋਗ ਬਿਨਾਂ ਮੇਰੇ ਵਾਸਤੇ ਲਿਖਣ ਪੜ੍ਹਨ ਦੀਆਂ ਸਰਗਰਮੀਆਂ ਕਰਨੀਆਂ ਕਦੀ ਵੀ ਸੰਭਵ ਨਹੀਂ ਹੋ ਸਕਦੀਆਂ।

ਵੈਨਕੂਵਰ ਬੀ. ਸੀ. ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ
ਜੂਨ 1997



# ਕਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਦੀ ਪੰਜਾਹਵੀਂ ਵਰ੍ਹੇ-ਗੰਢ

ਕਨੇਡਾ ਵਿੱਚ ਰਹਿਣ ਵਾਲੇ ਭਾਰਤੀਆਂ ਵਾਸਤੇ 1997 ਦਾ ਵਰ੍ਹਾ ਕਈ ਕਾਰਨਾਂ ਕਰਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਜਿੱਥੇ ਇਹ ਵਰ੍ਹਾ ਸਾਡੇ ਇਸ ਦੇਸ ਵਿੱਚ ਆਉਣ ਦਾ ਸੌਵਾਂ ਵਰ੍ਹਾ ਹੈ ਉੱਥੇ ਇਹ ਭਾਰਤ ਦੀ ਆਜ਼ਾਦੀ ਦਾ ਵੀ ਪੰਜਾਹਵਾਂ ਵਰ੍ਹਾ ਹੈ। ਪਰ ਸਾਡੇ ਵਾਸਤੇ ਇਸ ਵਰ੍ਹੇ ਦੀ ਇਕ ਵੱਡੀ ਮਹੱਤਤਾ ਕਨੇਡਾ ਵਿੱਚ ਸਾਨੂੰ ਵੋਟ ਪਾਉਣ ਦਾ ਹੱਕ ਪ੍ਰਾਪਤ ਹੋਣ ਦੀ ਪੰਜਾਹਵੀਂ ਵਰ੍ਹੇਗੰਢ ਵੀ ਹੈ। ਪੰਜਾਹ ਸਾਲ ਪਹਿਲਾਂ, 2 ਅਪਰੈਲ 1947 ਨੂੰ, ਕਨੇਡਾ ਵਿੱਚ ਭਾਰਤੀ ਪਿਛੋਕੜ ਦੇ ਆਵਾਸੀਆਂ ਨੇ, ਚਾਲੀ ਸਾਲ ਦੀ ਲੰਬੀ ਜੱਦੋ-ਜਹਿਦ ਬਾਅਦ, ਵੋਟ ਪਾਉਣ ਦਾ ਹੱਕ ਮੁੜ ਪ੍ਰਾਪਤ ਕੀਤਾ। ਜਿੱਥੇ ਭਾਰਤੀ ਕਮਿਊਨਿਟੀ ਵਲੋਂ ਕਨੇਡਾ ਦੇ ਇਮੀਗਰੇਸ਼ਨ ਦੇ ਕਾਨੂੰਨਾਂ ਵਿੱਚ ਤਬਦੀਲੀਆਂ ਲਿਆਉਣ ਵਾਸਤੇ ਜਾਂ ਭਾਰਤ ਨੂੰ ਆਜ਼ਾਦ ਕਰਾਉਣ ਵਾਸਤੇ ਕੀਤੀਆਂ ਸਰਗਰਮੀਆਂ ਅਤੇ ਕੁਰਬਾਨੀਆਂ ਆਮ ਜਾਣੀਆਂ ਜਾਂਦੀਆਂ ਹਨ ਉੱਥੇ ਉਨ੍ਹਾਂ ਦੀ ਕਨੇਡਾ ਵਿੱਚ ਵੋਟ ਦਾ ਹੱਕ ਪ੍ਰਾਪਤ ਕਰਨ ਵਾਸਤੇ ਕੀਤੀ ਲੰਮੀ ਅਤੇ ਮਾਣਮੱਤੀ ਜੱਦੋ-ਜਹਿਦ ਬਾਰੇ ਬਹੁਤ ਘੱਟ ਲਿਖਿਆ ਅਤੇ ਵਿਚਾਰਿਆ ਗਿਆ ਹੈ। ਇਹੀ ਕਾਰਨ ਹੈ ਕਿ 2 ਅਪ੍ਰੈਲ 1997 ਦਾ ਦਿਨ ਆਇਆ ਅਤੇ ਚਲੇ ਗਿਆ ਪਰ ਕਨੇਡਾ ਵਿੱਚ ਵਸਣ ਵਾਲੇ ਭਾਰਤੀ ਪਿਛੋਕੜ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਏਥੇ ਜੰਮ ਪਲ ਰਹੀਆਂ ਅਗਲੀਆਂ ਪੀੜ੍ਹੀਆਂ ਨੂੰ ਇਸ ਦਿਨ ਦਾ ਚੇਤਾ ਤੱਕ ਨਹੀਂ ਆਇਆ। ਇਸ ਹੱਕ ਲਈ ਚਾਲੀ ਵਰ੍ਹੇ ਘੋਲ ਕਰਨ ਵਾਲੇ ਲੋਕਾਂ ਦੇ ਮਨਾਂ ਵਿੱਚ ਸੀ ਕਿ ਇਹ ਦਿਨ ਭਾਰਤੀ-ਕਨੇਡੀਅਨਾਂ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਇਸ ਲੰਮੀ ਜਦੋਜਹਿਦ ਬਾਰੇ ਖਾਲਸਾ ਦੀਵਾਨ

ਸੁਸਾਇਟੀ ਵਿਕਟੋਰੀਆ ਵਲੋਂ 1947 ਵਿੱਚ ਛਾਪੀ ਰੀਪੋਰਟ ਵਿੱਚ ਇਸ ਦਿਨ ਦੀ ਮਹੱਤਤਾ ਬਾਰੇ ਕੁੱਝ ਇਸ ਤਰ੍ਹਾਂ ਲਿਖਿਆ ਹੈ: 2 ਅਪਰੈਲ ਦਾ ਦਿਨ ਸਾਡੀ ਕਮਿਊਨਿਟੀ ਦੇ ਇਤਿਹਾਸ ਵਿੱਚ ਸਦਾ ਹੀ ਲਾਲ ਅੱਖਰਾਂ ਵਾਲੇ ਦਿਨ ਵਜੋਂ ਜਾਣਿਆ ਜਾਵੇਗਾ। ਅਜਿਹਾ ਦਿਨ ਜੋ ਸਾਡੇ ਲਈ ਡੁਮੀਨਿਅਨ ਅਤੇ ਸੂਬੇ ਦੇ ਕਾਨੂੰਨਾਂ ਅਧੀਨ ਕਨੇਡੀਅਨ ਨਾਗਰਿਕਾਂ ਬਰਾਬਰ ਸਿਆਸੀ ਆਜ਼ਾਦੀ ਅਤੇ ਬਰਾਬਰੀ ਲੈ ਕੇ ਆਇਆ"। ਇਸ ਲਈ ਅਸੀਂ ਆਪਣੇ ਫਰਜ਼ ਤੋਂ ਕੁਤਾਹੀ ਕਰ ਰਹੇ ਹੋਵਾਂਗੇ ਜੇ ਅਸੀਂ ਉਨ੍ਹਾਂ ਦੇ ਇਸ ਆਸ਼ੇ ਨੂੰ ਸ਼ਰਧਾ ਦੇ ਫੁੱਲ ਨਾ ਚੜ੍ਹਾਏ। ਅੱਜ ਜਦੋਂ ਸਾਡੀ ਆਪਣੀ ਕਮਿਊਨਿਟੀ ਵਿਚੋਂ ਕਨੇਡਾ ਦੀਆਂ ਹਰ ਪੱਧਰ ਦੀਆਂ ਸਰਕਾਰਾਂ ਵਿੱਚ ਚੁਣੇ ਹੋਏ ਨੁਮਾਇੰਦੇ ਹਨ ਅਤੇ ਸਾਡੇ ਆਪਣੇ ਭਾਈਚਾਰੇ ਵਿਚੋਂ ਲੋਕ ਮੰਤਰੀਆਂ ਦੇ ਅਹੁਦਿਆਂ ਉੱਤੇ ਹਨ ਤਾਂ ਸਾਡੇ ਵਾਸਤੇ ਸਾਡੇ ਬਜ਼ੁਰਗਾਂ ਵਲੋਂ ਕੀਤੀ ਇਸ ਘਾਲਣਾ ਨੂੰ ਯਾਦ ਕਰਨਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਸਾਡਾ ਇਹ ਹਥਲਾ ਲੇਖ ਇਸ ਜੱਦੋ-ਜਹਿਦ ਨੂੰ ਸਮਝਣ ਅਤੇ ਯਾਦ ਰੱਖਣ ਦਾ ਹੀ ਇਕ ਯਤਨ ਹੈ।

ਵੋਟ ਦਾ ਹੱਕ ਲੈਣ ਵਾਸਤੇ ਸਾਡੀ ਕਮਿਊਨਿਟੀ ਦੇ ਵੱਖ ਵੱਖ ਲੋਕਾਂ ਨੇ, ਵੱਖ ਵੱਖ ਤਰੀਕਿਆਂ ਨਾਲ, ਲੰਮਾ ਸਮਾਂ ਸੰਘਰਸ਼ ਕੀਤਾ। ਇਸ ਲੰਮੇ ਸੰਘਰਸ਼ ਵਿੱਚ ਕਨੇਡੀਅਨ ਭਾਈਚਾਰੇ ਜਾਂ ਗੋਰੇ ਲੋਕਾਂ ਵਿਚੋਂ ਜਿੱਥੇ ਕਈ ਲੋਕ, ਖਾਸ ਕਰ ਹੁਕਮਰਾਨ, ਅਜਿਹੇ ਸਨ ਜੋ ਸਾਡੇ ਵਲ ਨਫਰਤ ਵਾਲਾ ਨਜ਼ਰੀਆ ਅਤੇ ਵਤੀਰਾ ਰੱਖਦੇ ਸਨ ਉੱਥੇ ਅਜਿਹੇ ਲੋਕ ਅਤੇ ਜਥੇਬੰਦੀਆਂ ਵੀ ਸਨ ਜਿਹਨਾਂ ਨੇ ਵੋਟ ਦੇ ਹੱਕ ਲਈ ਜੱਦੋ-ਜਹਿਦ ਵਿੱਚ ਸਾਡੀ ਹਰ ਤਰ੍ਹਾਂ ਨਾਲ ਹਿਮਾਇਤ ਕੀਤੀ। ਕਨੇਡੀਅਨ ਸਮਾਜ ਵਿਚਲੇ ਅਗਾਂਹਵਧੂ ਅਤੇ ਜਮਹੂਰੀਅਤ ਪਸੰਦ ਲੋਕਾਂ, ਜਿਨ੍ਹਾਂ ਵਿੱਚ ਸੀ. ਸੀ. ਐਫ. (ਕੋਅਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ, ਜੋ ਅੱਗੇ ਚੱਲਕੇ ਐਨ. ਡੀ. ਪੀ. ਪਾਰਟੀ ਬਣੀ) ਵਰਗੀਆਂ ਸਿਆਸੀ ਪਾਰਟੀਆਂ ਅਤੇ ਮਜ਼ਦੂਰ ਯੂਨੀਅਨਾਂ ਸ਼ਾਮਲ ਸਨ, ਵਲੋਂ 1940ਵਿਆਂ ਦੌਰਾਨ ਕੀਤੀ ਗਈ ਹਿਮਾਇਤ ਬਹੁਤ ਗੌਲਣਯੋਗ ਹੈ। ਕਨੇਡਾ ਵਿਚਲੇ ਸਾਡੇ ਇਤਿਹਾਸ ਦੇ ਇਸ ਕਾਂਡ ਬਾਰੇ ਬਹੁਤ ਘੱਟ



ਲਿਖਿਆ ਗਿਆ ਹੈ। ਜੋ ਕੁੱਝ ਲਿਖਿਆ ਗਿਆ ਹੈ ਉਸ ਵਿੱਚ ਇਸ ਜੱਦੋ-ਜਹਿਦ ਦੀ ਪੂਰੀ ਤਸਵੀਰ ਉਜਾਗਰ ਨਹੀਂ ਹੁੰਦੀ। ਜੇ ਸਾਡਾ ਇਹ ਲੇਖ ਇਸ ਅਧੂਰੀ ਅਤੇ ਧੁੰਦਲੀ ਤਸਵੀਰ ਨੂੰ ਹੋਰ ਸਪਸ਼ਟ ਕਰਨ ਵਿੱਚ ਥੋੜ੍ਹਾ ਬਹੁਤ ਵੀ ਕਾਮਯਾਬ ਹੋ ਜਾਵੇ ਤਾਂ ਅਸੀਂ ਸਮਝਾਂਗੇ ਕਿ ਸਾਡੀ ਮਿਹਨਤ ਵਰ ਆਈ ਹੈ।

ਇਸ ਲੇਖ ਵਿੱਚ ਅਸੀਂ ਕਨੇਡਾ ਵਿਚਲੀ ਭਾਰਤੀ ਕਮਿਊਨਿਟੀ ਦੇ ਵੋਟ ਪਾਉਣ ਦੇ ਹੱਕ ਦੇ ਮਸਲੇ ਦੇ ਵੱਖ ਵੱਖ ਪਹਿਲੂਆਂ ਉੱਪਰ ਵੇਰਵੇ ਸਹਿਤ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਵਿਚਾਰਾਂਗੇ ਕਿ ਸਾਡੇ ਲੋਕਾਂ ਦੇ ਏਥੇ ਆਉਣ ਪਿੱਛੋਂ ਕਾਨੂੰਨ ਬਣਾ ਕੇ, ਉਹਨਾਂ ਤੋਂ ਵੋਟ ਪਾਉਣ ਦਾ ਹੱਕ ਕਿਵੇਂ ਅਤੇ ਕਿਉਂ ਖੋਹਿਆ ਗਿਆ; ਉਹ ਕਿਹੜੇ ਆਰਥਿਕ, ਸਿਆਸੀ ਜਾਂ ਸਭਿਆਚਾਰਕ ਕਾਰਨ ਸਨ ਜਿਨ੍ਹਾਂ ਦੇ ਡਰ ਤੋਂ ਕਨੇਡਾ ਦੇ ਹੁਕਮਰਾਨ ਸਾਡੇ ਲੋਕਾਂ ਨੂੰ ਕਨੇਡਾ ਆਉਣ ਤੋਂ ਰੋਕਣ ਜਾਂ ਹੇਠਲੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣ ਵਾਸਤੇ ਨਸਲ ਨੂੰ ਆਧਾਰ ਬਣਾਉਂਦੇ ਸਨ ਅਤੇ ਵੋਟ ਦਾ ਹੱਕ ਨਾ ਹੋਣ ਕਾਰਨ ਭਾਰਤੀ-ਕਨੇਡੀਅਨ ਲੋਕਾਂ ਦੇ ਰੋਜ਼ਾਨਾ ਜੀਵਨ ਉੱਪਰ ਕਿਸ ਕਿਸਮ ਦੇ ਨਾਂਹ-ਪੱਖੀ ਅਸਰ ਪੈਂਦੇ ਸਨ? ਇਸ ਤੋਂ ਅੱਗੇ ਅਸੀਂ ਇਹ ਦੇਖਾਂਗੇ ਕਿ ਬਰਤਾਨਵੀ ਸਾਮਰਾਜ ਦਾ ਅਤੇ ਖਾਸ ਕਰ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਦਾ ਇਸ ਮਸਲੇ ਵੱਲ ਕੀ ਰਵੱਈਆ ਸੀ ਅਤੇ ਉਨ੍ਹਾਂ ਨੇ ਕਨੇਡਾ ਵਸਦੇ ਭਾਰਤੀਆਂ ਵਾਸਤੇ ਵੋਟ ਦੇ ਹੱਕ ਦੀ ਕਿਉਂ ਹਿਮਾਇਤ ਕੀਤੀ ਜਦ ਕਿ ਉਹ ਕਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸਾਊਥ ਅਫਰੀਕਾ ਆਦਿ ਡੁਮੀਨਿਅਨਾਂ ਦੇ ਹਾਕਮ ਗੋਰਿਆਂ ਦੀਆਂ ਗੈਰ-ਗੋਰਿਆਂ ਵੱਲ ਅਪਣਾਈਆਂ ਬਾਕੀ ਸਾਰੀਆਂ ਨੀਤੀਆਂ ਦੀ ਹਿਮਾਇਤ ਕਰਦੇ ਸਨ ਅਤੇ ਡੁਮੀਨਿਅਨਾਂ ਨੂੰ ਗੋਰਿਆਂ ਵਾਸਤੇ ਰਾਖਵੀਆਂ ਰੱਖਣ ਦੇ ਇਰਾਦੇ ਨਾਲ ਸਹਿਮਤ ਸਨ। ਅਖੀਰ ਵਿੱਚ ਸਥਾਨਕ ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਮੁੜ ਪ੍ਰਾਪਤ ਕਰਨ ਲਈ ਲੜੀ ਲੰਮੀ ਲੜਾਈ ਦੇ ਵੱਖ ਵੱਖ ਪਹਿਲੂਆਂ ਉੱਪਰ ਵਿਚਾਰ ਕੀਤੀ ਜਾਵੇਗੀ। ਇਸਦੇ ਨਾਲ ਹੀ ਇਹ ਵੀ ਦੇਖਿਆ ਜਾਵੇਗਾ ਕਿ ਸਾਡੇ ਲੋਕਾਂ ਦੇ ਇਸ ਸੰਘਰਸ਼ ਵਿੱਚ ਸਮੁੱਚੀ ਕਨੇਡੀਅਨ ਕਮਿਊਨਿਟੀ ਵਿਚੋਂ ਕਿਹੜੀਆਂ

ਧਿਰਾਂ ਇਸ ਜੱਦੋ-ਜਹਿਦ ਦੇ ਹੱਕ ਵਿੱਚ ਖੜ੍ਹੀਆਂ ਅਤੇ ਕਿਹੜੀਆਂ ਧਿਰਾਂ ਨੇ ਇਸ ਜੱਦੋ-ਜਹਿਦ ਦੀ ਵਿਰੋਧਤਾ ਕੀਤੀ।

## ਵੋਟ ਦਾ ਹੱਕ ਕਦੋਂ ਅਤੇ ਕਿਸ ਤਰ੍ਹਾਂ ਖੋਹਿਆ ਗਿਆ?

ਜਦੋਂ ਇਸ ਸਦੀ ਦੇ ਸ਼ੁਰੂ ਵਿੱਚ ਭਾਰਤੀਆਂ ਨੇ ਕਨੇਡਾ ਆਉਣਾ ਸ਼ੁਰੂ ਕੀਤਾ ਤਾਂ ਉਹ ਸਭ ਤੋਂ ਪਹਿਲਾਂ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਅਤੇ ਖੇਤੀਬਾੜੀ, ਮੱਛੀ ਉਦਯੋਗ ਅਤੇ ਲੱਕੜ ਦੀਆਂ ਮਿੱਲਾਂ ਵਿੱਚ ਮਜ਼ਦੂਰੀ ਕਰਨ ਲੱਗੇ। ਇਸ ਸੂਬੇ ਦੀ ਆਬਾਦੀ ਉਸ ਸਮੇਂ ਅਜੇ ਏਨੀ ਜ਼ਿਆਦਾ ਨਹੀਂ ਸੀ। ਯੂਰਪੀਅਨ ਪਿਛੋਕੜ ਦੇ ਲੋਕਾਂ ਦੇ ਨਾਲ ਨਾਲ ਏਥੇ ਕਾਫੀ ਵੱਡੀ ਗਿਣਤੀ ਵਿੱਚ ਚੀਨੀ ਅਤੇ ਜਾਪਾਨੀ ਲੋਕ ਵੀ ਰਹਿ ਰਹੇ ਸਨ। ਸੂਬੇ ਦੀ ਆਰਥਿਕਤਾ ਅਜੇ ਏਨੀ ਵਿਕਸਤ ਨਹੀਂ ਸੀ ਹੋਈ। ਖੇਤੀ ਬਾੜੀ ਦਾ, ਮੱਛੀ ਦਾ ਅਤੇ ਕੁੱਝ ਹੱਦ ਤੱਕ ਲੱਕੜ ਦਾ ਕੰਮ ਮੌਸਮ ਕਾਰਨ ਸਾਲ ਦਾ ਕੁੱਝ ਹਿੱਸਾ ਬੰਦ ਰਹਿੰਦਾ ਸੀ। ਨਤੀਜੇ ਵਜੋਂ ਸਾਲ ਦਾ ਕਾਫੀ ਹਿੱਸਾ ਬਹੁਤ ਲੋਕ ਕੰਮਾਂ ਤੋਂ ਵਿਹਲੇ ਰਹਿੰਦੇ ਸਨ। ਮਿੱਲਾਂ, ਫਾਰਮਾਂ ਅਤੇ ਮੱਛੀ ਦੀਆਂ ਕੈਨਰੀਆਂ ਦੇ ਮਾਲਕ ਅਤੇ ਸਮੇਂ ਦੀਆਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਆਪਣੇ ਮੁਨਾਫੇ ਅਤੇ ਸਰਦਾਰੀ ਵਾਸਤੇ ਗੈਰ-ਯੂਰਪੀਅਨ ਪਿਛੋਕੜ ਦੇ ਲੋਕਾਂ ਦੀ ਦੋਹਰੀ ਤੀਹਰੀ ਵਰਤੋਂ ਕਰਦੇ ਸਨ। ਇਕ ਤਾਂ ਉਹ ਏਸ਼ੀਅਨ ਮਜ਼ਦੂਰਾਂ ਨੂੰ ਘੱਟ ਤਨਖਾਹ ਉੱਤੇ ਰੱਖ ਕੇ ਸਿੱਧਾ ਮੁਨਾਫਾ ਕਮਾਉਂਦੇ; ਦੂਜਾ ਉਹ ਇਨ੍ਹਾਂ ਨੂੰ ਕੰਮ ਦੇਣ ਦੇ ਡਰਾਵੇ ਨਾਲ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਨੂੰ ਵੀ ਘੱਟ ਤਨਖਾਹ ਦਿੰਦੇ ਅਤੇ ਘਟੀਆ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਕਰਦੇ; ਤੀਜਾ ਜਦੋਂ ਵੀ ਬੇਰੁਜ਼ਗਾਰੀ ਵੱਧਦੀ ਜਾਂ ਕਿਸੇ ਕਿਸਮ ਦੀ ਸਮਾਜਕ, ਸਿਆਸੀ ਜਾਂ ਆਰਥਿਕ ਸਮੱਸਿਆ ਖੜ੍ਹੀ ਹੁੰਦੀ ਤਾਂ ਉਹ ਸਾਰਾ ਕਸੂਰ ਏਸ਼ੀਅਨ ਆਵਾਸੀਆਂ ਦੇ ਸਿਰ ਮੜ੍ਹ ਦਿੰਦੇ।

ਇਸ ਕੰਮ ਨੂੰ ਸੌਖਾ ਬਣਾਉਣ ਲਈ ਯੂਰਪੀਅਨ ਬਸਤੀਵਾਦੀਆਂ



ਵਲੋਂ ਨਸਲੀ ਵਖਰੇਵਿਆਂ ਉੱਤੇ ਆਧਾਰਤ ਉਚ-ਨੀਚ ਦੀ ਆਪਣੀ ਪਾਲਿਸੀ ਨੂੰ ਖੁੱਲ੍ਹ ਕੇ ਵਰਤਿਆ ਜਾਂਦਾ। ਨਸਲ ਉੱਤੇ ਅਧਾਰਤ ਇਸ ਨਜ਼ਰੀਏ ਅਨੁਸਾਰ ਉਹ ਦੁਨੀਆਂ ਦੇ ਹਰ ਗੈਰ-ਚਿੱਟੇ ਇਨਸਾਨ ਨੂੰ ਚਿੱਟੇ ਲੋਕਾਂ ਨਾਲੋਂ ਘਟੀਆ ਸਾਬਤ ਕਰਦੇ। ਇਸ ਪੈਂਤੜੇ ਨੂੰ ਇਸ ਹੱਦ ਤੱਕ ਵਰਤਿਆ ਜਾਂਦਾ ਕਿ ਲੋੜ ਪੈਣ ਉੱਤੇ ਵੈਨਕੂਵਰ ਵਿੱਚ ਜਾਪਾਨੀ ਅਤੇ ਚੀਨੀ ਲੋਕਾਂ ਦੇ ਖਿਲਾਫ ਦੰਗੇ ਤੱਕ ਹੋ ਜਾਂਦੇ। ਆਪਣੀਆਂ ਕੰਮ ਦੀਆਂ ਹਾਲਤਾਂ ਅਤੇ ਮਜ਼ਦੂਰੀ ਨੂੰ ਬੇਹਤਰ ਬਣਾਉਣ ਵਾਸਤੇ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਵਲੋਂ ਪਾਏ ਦਬਾਅ ਕਾਰਨ ਚੀਨੀ ਅਤੇ ਜਾਪਾਨੀ ਲੋਕਾਂ ਦਾ ਕਨੇਡਾ ਵਿੱਚ ਦਾਖਲਾ ਇਸ ਸਦੀ ਦੇ ਸ਼ੁਰੂ ਵਿੱਚ ਕਾਫੀ ਹੱਦ ਤੱਕ ਰੋਕ ਦਿੱਤਾ ਗਿਆ ਸੀ। ਇਸ ਰੋਕ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਖੇਤੀਬਾੜੀ, ਮੱਛੀ ਉਦਯੋਗ ਅਤੇ ਲੱਕੜ ਦੀਆਂ ਮਿੱਲਾਂ ਦੇ ਮਾਲਕਾਂ ਨੂੰ ਪ੍ਰਾਪਤ ਮਜ਼ਦੂਰਾਂ ਦੇ ਪੂਲ ਵਿੱਚ ਕਮੀ ਆ ਗਈ। ਇਸ ਕਮੀ ਨੂੰ ਭਰਨ ਵਾਸਤੇ ਪੰਜਾਬੀਆਂ ਨੂੰ ਏਥੇ ਦਾਖਲ ਹੋਣ ਦਿੱਤਾ ਜਾਣ ਲੱਗਾ। ਪਰ ਯੂਰਪੀਅਨ ਪਿਛੋਕੜ ਦੇ ਮਜ਼ਦੂਰ ਪੰਜਾਬੀਆਂ ਦੇ ਦਾਖਲੇ ਦਾ ਵੀ ਵਿਰੋਧ ਕਰਦੇ ਸਨ ਕਿਉਂਕਿ ਮਾਲਕ ਇਨ੍ਹਾਂ ਨੂੰ ਵੀ ਚੀਨੀ ਜਾਂ ਜਾਪਾਨੀ ਮਜ਼ਦੂਰਾਂ ਵਾਂਗ ਉਸੇ ਮਕਸਦ ਲਈ ਲਿਆਉਂਦੇ ਅਤੇ ਵਰਤਦੇ ਸਨ।

ਇਸ ਕਿਸਮ ਦੇ ਤਲਖ ਅਤੇ ਨਫਰਤ ਭਰੇ ਵਾਤਾਵਰਨ ਵਿੱਚ ਭਾਰਤੀਆਂ ਨੇ ਏਥੇ ਆਉਣਾ ਸ਼ੁਰੂ ਕੀਤਾ। ਉਨ੍ਹਾਂ ਆਉਂਦਿਆਂ ਨਾਲ ਹੀ ਹਰ ਕਿਸਮ ਦਾ ਨਸਲੀ ਵਿਤਕਰਾ ਹੋਣਾ ਸ਼ੁਰੂ ਹੋ ਗਿਆ। ਉਹਨਾਂ ਦੇ ਏਥੇ ਦਾਖਲੇ ਦੇ ਖਿਲਾਫ ਤਾਂ ਆਵਾਜ਼ ਉੱਠਣੀ ਹੀ ਸੀ ਨਾਲ ਹੀ, ਬ੍ਰਿਟਿਸ਼ ਸਬਜੈਕਟਸ (ਬਰਤਾਨਵੀ ਸਾਮਰਾਜ ਦੀ ਪਰਜਾ) ਹੋਣ ਕਾਰਨ ਯੂਰਪੀਅਨ ਲੋਕਾਂ ਦੇ ਬਰਾਬਰ ਬਣਦੇ ਭਾਰਤੀਆਂ ਦੇ ਹੱਕਾਂ ਨੂੰ ਮਾਨਤਾ ਦੇਣ ਦੀ ਵੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ। ਨਤੀਜੇ ਵਜੋਂ ਸੰਨ 1908 ਵਿੱਚ ਉਨ੍ਹਾਂ ਦੇ ਏਥੇ ਦਾਖਲੇ ਵਿਰੁੱਧ ਕਾਨੂੰਨ ਬਣਾਇਆ ਗਿਆ ਜੋ ਬਾਅਦ ਵਿੱਚ ਭਾਰਤੀਆਂ ਵਲੋਂ ਕਾਮਾਗਾਟਾ ਮਾਰੂ ਰਾਹੀਂ ਵੰਗਾਰਿਆ ਗਿਆ। ਇਸਦੇ ਨਾਲ ਹੀ ਜਿਹੜੇ ਭਾਰਤੀ ਏਥੇ ਆ ਚੁੱਕੇ ਸਨ ਉਨ੍ਹਾਂ ਕੋਲੋਂ ਏਥੋਂ ਦੇ ਨਾਗਰਿਕ ਹੋਣ ਦੇ ਹੱਕ ਕਾਨੂੰਨੀ ਤੌਰ ਉੱਤੇ ਖੋਹੇ ਜਾਣ

ਲੱਗੇ।

ਭਾਰਤੀ ਲੋਕ ਉਸ ਵੇਲੇ, ਬਰਤਾਨਵੀ ਸਾਮਰਾਜ ਦਾ ਹਿੱਸਾ ਹੋਣ ਕਰਕੇ, ਕਨੇਡਾ ਵਿੱਚ ਹਰ ਪੱਧਰ ਦੀ ਸਰਕਾਰ ਵਾਸਤੇ ਵੋਟ ਪਾਉਣ ਦਾ ਹੱਕ ਰੱਖਦੇ ਸਨ। ਪਰ ਬ੍ਰਿਟਿਸ਼ ਕੋਲੰਬੀਆ ਦੇ ਸੂਬਾਈ ਚੋਣ ਕਾਨੂੰਨ ਵਿੱਚ ਸੰਨ 1907 ਵਿੱਚ ਤਬਦੀਲੀ ਕਰਕੇ, ਉਨ੍ਹਾਂ ਕੋਲੋਂ ਇਹ ਹੱਕ ਖੋਹ ਲਿਆ ਗਿਆ। ਅਤੇ ਫੇਰ ਸੰਨ 1908 ਨੂੰ ਮਿਊਂਸਪਲ ਪੱਧਰ ਅਤੇ ਵੋਟ ਪਾਉਣ ਤੋਂ ਵੀ ਇਨ੍ਹਾਂ ਨੂੰ ਵਿਰਵੇ ਕਰ ਦਿੱਤਾ ਗਿਆ। ਏਸੇ ਤਰ੍ਹਾਂ ਹੀ ਚੀਨੀ ਅਤੇ ਜਾਪਾਨੀ ਲੋਕਾਂ ਕੋਲੋਂ ਵੀ ਵੋਟ ਪਾਉਣ ਦਾ ਹੱਕ ਸੰਨ 1874 ਅਤੇ ਸੰਨ 1895 ਨੂੰ ਕਰਮਵਾਰ ਖੋਹਿਆ ਜਾ ਚੁੱਕਾ ਸੀ। ਬੀ. ਸੀ. ਦੇ ਸੂਬਾਈ ਚੋਣ ਕਾਨੂੰਨ ਵਿੱਚ ਕੀਤੀ ਤਬਦੀਲੀ ਦੇ ਨਤੀਜੇ ਵਜੋਂ ਭਾਰਤੀ ਲੋਕਾਂ ਨੂੰ ਕਨੇਡਾ ਪੱਧਰ ਉੱਤੇ ਵੀ ਵੋਟ ਪਾਉਣ ਦਾ ਹੱਕ ਨਾ ਰਿਹਾ ਕਿਉਂਕਿ ਉਦੋਂ ਚਾਲੂ ਕਾਨੂੰਨ ਅਨੁਸਾਰ ਉਹੀ ਵਿਅਕਤੀ ਕਨੇਡਾ ਪੱਧਰ ਉੱਤੇ ਵੋਟ ਪਾ ਸਕਦਾ ਸੀ ਜਿਸਨੂੰ ਸੂਬਾਈ ਪੱਧਰ ਉੱਤੇ ਵੋਟ ਪਾਉਣ ਦਾ ਹੱਕ ਹੋਵੇ। ਬੇਸ਼ੱਕ ਉਸ ਸਮੇਂ ਕਨੇਡਾ ਦੇ ਦੂਜੇ ਸੂਬਿਆਂ ਵਿੱਚ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਸੀ ਪਰ ਕਿਉਂਕਿ ਬਹੁਗਿਣਤੀ ਭਾਰਤੀ ਬੀ. ਸੀ. ਵਿੱਚ ਰਹਿੰਦੇ ਸਨ ਇਸ ਲਈ ਇੱਥੋਂ ਦੀ ਕਾਨੂੰਨੀ ਤਬਦੀਲੀ ਨੇ ਅਮਲੀ ਤੌਰ ਉੱਤੇ ਕਨੇਡਾ ਵਿੱਚ ਭਾਰਤੀਆਂ ਦੇ ਵੋਟ ਦੇ ਹੱਕ ਦਾ ਖਾਤਮਾ ਕਰ ਦਿੱਤਾ।

ਬੀ. ਸੀ. ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਵਾਸਤੇ ਮੁੱਖ ਤੌਰ ਅਤੇ ਨਸਲਵਾਦੀ ਵਿਚਾਰਧਾਰਾ ਨੂੰ ਵਰਤਿਆ ਗਿਆ। ਉਦਾਹਰਣ ਲਈ ਬੀ. ਸੀ. ਲੈਜਿਸਲੇਚਰ ਵਿੱਚ 26 ਮਾਰਚ, 1907 ਨੂੰ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਸੰਬੰਧੀ ਕਾਨੂੰਨ ਨੂੰ ਪੇਸ਼ ਕਰਦਿਆਂ ਉਸ ਵੇਲੇ ਦੀ ਕੰਜ਼ਰਵੇਟਿਵ ਸਰਕਾਰ ਦੇ ਇੰਟੀਰੀਅਰ ਮਨਿਸਟਰ ਬਾਊਜ਼ਰ ਨੇ ਕਿਹਾ:

> ਮੈਨੂੰ ਇਸ ਗੱਲ ਦੀ ਬੇਹੱਦ ਨਿਰਾਸ਼ਾ ਹੈ ਕਿ ਕਨੇਡਾ ਦੀ ਸਰਕਾਰ ਨੇ ਇਸ ਕਿਸਮ ਦੇ ਕਾਨੂੰਨ ਸੰਬੰਧੀ ਬੜੀ ਸਖਤ ਨੀਤੀ ਅਪਣਾਈ ਹੋਈ ਹੈ ... ਪਰ ਇਸ ਹਾਊਸ ਦੇ ਲਿਬਰਲਾਂ ਨੂੰ ਬੇਨਤੀ ਕਰਦਾ



> ਹਾਂ ਕਿ ਉਹ ਆਪਣੀ ਪਾਰਟੀ ਨਾਲੋਂ ਇਸ ਗੱਲ ਉੱਤੇ ਨਿਖੇੜਾ ਕਰਨ ਅਤੇ ਜਿਨਾਂ ਵੀ ਉਨ੍ਹਾਂ ਦੀ ਤਾਕਤ ਵਿੱਚ ਹੈ ਬ੍ਰਿਟਿਸ਼ ਕੋਲੰਬੀਆ ਨੂੰ ਗੋਰਿਆਂ ਦਾ ਦੇਸ ਕਾਇਮ ਰੱਖਣ ਵਾਸਤੇ ਜ਼ੋਰ ਲਾਉਣ।[2]

ਜਦੋਂ ਭਾਰਤੀ ਲੋਕਾਂ ਦੇ ਇਸ ਹੱਕ ਨੂੰ ਖੋਹਿਆ ਜਾ ਰਿਹਾ ਸੀ ਤਾਂ ਉਸ ਵਕਤ ਬੀ. ਸੀ. ਦੀ ਅਸੈਂਬਲੀ ਵਿੱਚ ਬੈਠੀ ਵਿਰੋਧੀ ਧਿਰ, ਉਸ ਸਮੇਂ ਦੀ ਲਿਬਰਲ ਪਾਰਟੀ, ਵਲੋਂ ਵੀ ਕੋਈ ਵਿਰੋਧਤਾ ਨਾ ਕੀਤੀ ਗਈ। ਉਸਨੇ ਸਗੋਂ ਇਸ ਮਸਲੇ ਨੂੰ ਬੜੇ ਗੈਰ-ਸੰਜੀਦਾ ਤਰੀਕੇ ਨਾਲ ਲੈ ਕੇ ਇਸ ਦੀ ਪ੍ਰੋੜਤਾ ਕੀਤੀ। ਵਿਰੋਧੀ ਪਾਰਟੀ ਦੇ ਨੇਤਾ ਡਬਲਯੂ ਮੈਕਡਾਨਲਡ ਨੇ ਹੱਸਦਿਆਂ ਕਿਹਾ, "ਮੈਂ ਇਹ ਤਾਂ ਨਹੀਂ ਕਹਿੰਦਾ ਕਿ ਮਿਸਟਰ ਬਾਊਜ਼ਰ ਦਾ ਨਜ਼ਰੀਆ ਸਹੀ ਹੈ ਪਰ ਮੈਂ ਇਸ ਗੱਲ ਨਾਲ ਸਹਿਮਤ ਹੈ ਕਿ ਵਿਦੇਸ਼ੀਆਂ ਨੂੰ ਵੋਟਰ-ਲਿਸਟ ਤੋਂ ਬਾਹਰ ਰੱਖਿਆ ਜਾਵੇ।" ਉਸ ਨੇ ਅੱਗੇ ਕਿਹਾ:

> ਹਿੰਦੂ, ਭਾਵੇਂ ਬ੍ਰਿਟਿਸ਼ ਸਬਜੈਕਟ ਹਨ, ਪਰ ਉਨ੍ਹਾਂ ਵਿਚੋਂ ਸੈਂਕੜਿਆਂ ਵਿਚੋਂ ਇਕ ਵੀ ਸਾਡੀ ਬੋਲੀ ਨਹੀਂ ਬੋਲ ਸਕਦਾ। ਨਾ ਹੀ ਉਨ੍ਹਾਂ ਨੂੰ ਸਾਡੇ ਕਾਨੂੰਨਾਂ ਅਤੇ ਰਸਮਾਂ ਦੀ ਸਮਝ ਹੈ... ਮੈਂ ਇਹ ਸੁਝਾਅ ਦਿਆਂਗਾ ਕਿ ਸਰਕਾਰ ਇਨ੍ਹਾਂ ਕਾਨੂੰਨਾਂ ਵਿੱਚ ਤਬਦੀਲੀ ਲਿਆਵੇ। ਹਿੰਦੂਆਂ ਅਤੇ ਦੂਜੇ ਵਿਦੇਸ਼ੀਆਂ ਤੋਂ ਵੋਟ ਪਾਉਣ ਦਾ ਹੱਕ ਖੋਹਿਆ ਜਾਵੇ। ਸਗੋਂ ਉਨ੍ਹਾਂ ਨੂੰ ਵੀ ਇਹ ਹੱਕ ਨਾ ਦਿੱਤਾ ਜਾਵੇ ਜਿਨ੍ਹਾਂ ਨੂੰ ਵੋਟ ਪਰਚੀ ਪੜ੍ਹਨੀ ਨਾ ਆਉਂਦੀ ਹੋਵੇ। ਜਿੰਨਾ ਚਿਰ ਇਹ ਕਦਮ ਨਹੀਂ ਪੁੱਟਿਆ ਜਾਂਦਾ ਮੈਂ ਇਸ ਹਥਲੇ ਕਾਨੂੰਨ ਦੇ ਹੱਕ ਵਿੱਚ ਆਪਣੀ ਵੋਟ ਪਾਉਂਦਾ ਹਾਂ।[3]

ਇਸ ਮਸਲੇ ਉੱਪਰ, ਬੜੇ ਹੀ ਗੈਰ-ਸੰਜੀਦਾ ਮਾਹੌਲ ਵਿੱਚ, ਕੁੱਝ ਹੋਰ ਮੈਂਬਰਾਂ ਵਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਕ ਮੈਂਬਰ ਨੇ ਮਿਸਟਰ ਬਾਊਜ਼ਰ ਨੂੰ ਕਿਹਾ, "ਜੇ ਹਿੰਦੂ ਤਾਕਤਵਰ ਅਤੇ ਸ਼ਕਤੀਸ਼ਾਲੀ ਹੁੰਦਾ ਅਤੇ ਉਸਦੀ ਆਪਣੀ ਨੇਵੀ ਹੁੰਦੀ ਤਾਂ ਵੈਨਕੂਵਰ ਦਾ ਸੀਨੀਅਰ ਮੈਂਬਰ (ਮਿਸਟਰ ਬਾਊਜ਼ਰ) ਇਸ ਕਿਸਮ ਦਾ ਕਦਮ ਚੁੱਕਣ ਦੀ ਕਦੇ ਪੇਸ਼ਕਸ਼ ਨਾ ਕਰਦਾ।"[4] ਇਸ ਮੈਂਬਰ ਦੀ ਇਸ ਗੱਲ

ਦਾ ਸਵਾਗਤ ਹਾਜ਼ਰ ਮੈਂਬਰਾਂ ਵਲੋਂ ਹਾਸੇ ਨਾਲ ਕੀਤਾ ਗਿਆ।

ਇਸੇ ਤਰ੍ਹਾਂ ਦੇ ਨਸਲਵਾਦ ਦੀ ਝਲਕ ਸੰਨ 1923 ਵਿੱਚ ਕਨੇਡਾ ਦੀ ਪਾਰਲੀਮੈਂਟ ਵਿੱਚ ਭਾਰਤੀਆਂ ਨੂੰ ਵੋਟ ਦੇਣ ਸੰਬੰਧੀ ਚੱਲੀ ਬਹਿਸ ਦੌਰਾਨ ਦਿਖਾਈ ਦਿੰਦੀ ਹੈ। ਇਸ ਸਮੇਂ ਬੀ. ਸੀ. ਦੇ ਕੈਰੀਬੂਅ ਇਲਾਕੇ ਤੋਂ ਪ੍ਰੋਗਰੈਸਿਵ ਪਾਰਟੀ ਦੇ ਚੁਣੇ ਹੋਏ ਮੈਂਬਰ ਮਿਸਟਰ ਮੈਕਬਰਾਈਡ ਨੇ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਦੀ ਵਿਰੋਧਤਾ ਕਰਦਿਆਂ ਕਿਹਾ:

> ਅਸੀਂ ਨਹੀਂ ਚਾਹੁੰਦੇ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਹੋਰ ਹਿੰਦੂ ਆਉਣ। ਮੈਂ ਕਨੇਡਾ ਦੇ ਕਾਨੂੰਨਾਂ ਦੀ ਉਸ ਤੋਂ ਵੱਧ ਕਦੇ ਵੀ ਕੀਮਤ ਨਹੀਂ ਮਹਿਸੂਸ ਕੀਤੀ ਜਦੋਂ ਵੈਨਕੂਵਰ ਦੀ ਬੰਦਰਗਾਹ ਵਿੱਚ ਹਿੰਦੂਆਂ ਨਾਲ ਭਰਿਆ ਜਹਾਜ਼ ਆਇਆ ਸੀ, ਜਿਸ ਨੂੰ ਮੁਲਕ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਸਰਕਾਰ ਨੇ ਵਾਪਸ ਭੇਜ ਦਿੱਤਾ ਸੀ। ਮੈਂ ਆਸ ਕਰਦਾ ਹਾਂ ਕਿ ਇਹ ਸਰਕਾਰ ਵੀ ਉਸੇ ਹੀ ਇਰਾਦੇ ਅਤੇ ਕਾਇਮ ਰਹੇਗੀ। ਬ੍ਰਿਟਿਸ਼ ਕੋਲੰਬੀਆ ਦੇ ਤੱਟ ਉੱਤੇ ਸਾਡੇ ਕੋਲ ਚੀਨੇ ਅਤੇ ਜਾਪਾਨੀ ਹਨ ਜਿਹੜੇ ਸਾਡੇ ਸਟੋਰ ਸਾਂਭੀ ਬੈਠੇ ਹਨ। ਉਹ ਗੋਰੇ ਲੋਕਾਂ ਨੂੰ ਬਾਹਰ ਕੱਢ ਰਹੇ ਹਨ। ਸਾਡੇ ਕੋਲ ਯੂਨਾਨੀ ਹਨ ਜਿਹੜੇ ਸਾਡੇ ਹੋਟਲ ਸਾਂਭੀ ਬੈਠੇ ਹਨ ਅਤੇ ਯਹੂਦੀ ਸਾਡੇ ਸੈਕੰਡ ਹੈਂਡ ਸਟੋਰਾਂ ਦੇ ਮਾਲਕ ਬਣੇ ਹੋਏ ਹਨ ਅਤੇ ਹੁਣ ਕੁੱਝ ਲੋਕ ਹਿੰਦੂਆਂ ਨੂੰ ਲਿਆਉਣਾ ਚਾਹੁੰਦੇ ਹਨ ਤਾਂ ਕਿ ਉਹ ਸਾਡੀਆਂ ਮਿੱਲਾਂ ਸਾਂਭ ਲੈਣ।..."[5]

ਉਸੇ ਸਾਲ, ਜਾਣੀ ਕਿ ਨਵੰਬਰ 1923 ਵਿੱਚ, ਬੀ. ਸੀ. ਦੀ ਸਰਕਾਰ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਵਿਰੁੱਧ ਇਕ ਬੜਾ ਸਖਤ ਰੈਜ਼ੂਲੇਸ਼ਨ ਪਾਸ ਕੀਤਾ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਲੋਂ ਡੁਮੀਨਿਅਨ (ਕਨੇਡਾ) ਸਰਕਾਰ ਨੂੰ ਸਾਵਧਾਨ ਕਰਨ ਵਾਸਤੇ ਇਸ ਰੇਜ਼ੂਲੇਸ਼ਨ ਵਿੱਚ ਕਿਹਾ ਗਿਆ: 'ਇਹ ਰੈਜ਼ੂਲੇਸ਼ਨ ਆਰਥਿਕ ਅਤੇ ਸਮਾਜਕ ਆਧਾਰ ਉੱਤੇ ਓਰੀਐਂਟਲ ਲੋਕਾਂ ਨੂੰ ਸੂਬੇ ਦੀਆਂ ਜਾਂ ਡੁਮੀਨਿਅਨ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਹੱਕ ਦਿੱਤੇ ਜਾਣ ਦੇ ਸਖਤ ਵਿਰੁੱਧ ਹੈ। ਇਸ ਕਰਕੇ ਕਨੇਡਾ ਦੀ ਸਰਕਾਰ ਨੂੰ ਬੇਨਤੀ



ਕਰਦਾ ਹੈ ਕਿ ਅਜਿਹਾ ਕੋਈ ਕਦਮ ਨਾ ਚੁੱਕੇ ਜਿਹੜਾ ਸੂਬੇ ਦੇ ਵੋਟ ਦੇਣ ਦੇ ਹੱਕਾਂ ਵਿੱਚ ਦਖਲ-ਅੰਦਾਜ਼ੀ ਕਰਦਾ ਹੋਵੇ। ਇਸ ਤੋਂ ਅੱਗੇ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਜਦੋਂ ਉਹ ਵੋਟ ਦੇ ਹੱਕ ਨੂੰ ਪ੍ਰਭਾਸ਼ਿਤ ਕਰਨ ਤਾਂ ਉਹ ਓਰੀਐਂਟਲ ਲੋਕਾਂ ਨੂੰ ਵੋਟ ਦਾ ਹੱਕ ਨਾ ਦੇਣ।[6]

ਇਸ ਰੈਜ਼ੂਲੇਸ਼ਨ ਦੀ ਹਿਮਾਇਤ ਕਰਦਿਆਂ ਖਾਣਾਂ ਦੇ ਮਨਿਸਟਰ ਆਨਰੇਬਲ ਵਿਲੀਅਮ ਸਲੋਨ ਨੇ ਕਿਹਾ, "ਜਿੱਥੇ ਤੱਕ ਵੋਟ ਦਾ ਸਵਾਲ ਹੈ ਅਸੀਂ ਆਪਣੇ ਘਰ ਵਿੱਚ ਖੁਦਮੁਖਤਿਆਰ ਹਾਂ। ਅਤੇ **ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਗੋਰਿਆਂ ਵਾਸਤੇ ਰਾਖਵਾਂ ਰੱਖਣ ਦੇ ਹੱਕ ਵਿੱਚ ਖੜ੍ਹੇ ਹਾਂ** *(ਸ਼ਬਦਾਂ ਉੱਤੇ ਜ਼ੋਰ ਸਾਡਾ)*"[7]

ਇਹਨਾਂ ਉਦਾਹਰਣਾਂ ਤੋਂ ਸਾਫ ਜ਼ਾਹਰ ਹੈ ਕਨੇਡਾ ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਪਿੱਛੇ ਨਸਲਵਾਦੀ ਨਜ਼ਰੀਆ ਕੰਮ ਕਰਦਾ ਸੀ। ਇਸ ਨਸਲਵਾਦੀ ਵਤੀਰੇ ਦਾ ਮੁੱਖ ਮਕਸਦ ਕਨੇਡਾ ਵਿੱਚ ਗੋਰੇ ਲੋਕਾਂ ਦੀ ਸਿਆਸੀ ਅਤੇ ਆਰਥਿਕ ਸਰਦਾਰੀ ਨੂੰ ਕਾਇਮ ਰੱਖਣਾ ਸੀ।

## ਵੋਟ ਦਾ ਹੱਕ ਨਾ ਹੋਣ ਦੇ ਅਸਰ

ਕਨੇਡਾ ਵਿੱਚ ਵੋਟ ਦਾ ਹੱਕ ਨਾ ਹੋਣ ਦੇ ਭਾਰਤੀ-ਕਨੇਡੀਅਨ ਉੱਪਰ ਕਈ ਤਰ੍ਹਾਂ ਦੇ ਨਾਂਹ-ਪੱਖੀ ਅਸਰ ਪੈਂਦੇ ਸਨ। ਪਹਿਲਾ, ਇਸ ਹੱਕ ਦੇ ਨਾ ਹੋਣ ਕਾਰਨ ਉਹ ਕਨੇਡਾ ਦੀ ਸਿਆਸਤ ਵਿੱਚ ਕਿਸੇ ਤਰ੍ਹਾਂ ਦਾ ਵੀ ਹਿੱਸਾ ਨਹੀਂ ਸਨ ਲੈ ਸਕਦੇ। ਕਨੇਡਾ ਦੀਆਂ ਤਿੰਨਾਂ ਪੱਧਰਾਂ ਦੀਆਂ ਸਰਕਾਰਾਂ (ਡੁਮੀਨਿਅਨ, ਸੂਬੇ ਅਤੇ ਮਿਊਂਸਪਲ) ਦੇ ਨੁਮਾਇੰਦਿਆਂ ਨੂੰ ਚੁਣਨ ਵਿੱਚ ਉਹਨਾਂ ਨੂੰ ਕਿਸੇ ਤਰ੍ਹਾਂ ਦਾ ਅਧਿਕਾਰ ਨਹੀਂ ਸੀ। ਇਸਦੇ ਨਾਲ ਹੀ ਉਹ ਇਹਨਾਂ ਸਰਕਾਰਾਂ ਦੇ ਨੁਮਾਇੰਦਿਆ ਵਜੋਂ ਚੁਣੇ ਜਾਣ ਲਈ ਚੋਣ ਨਹੀਂ ਲੜ ਸਕਦੇ ਸਨ। ਨਤੀਜੇ ਵਜੋਂ ਉਹ ਕਨੇਡਾ ਦੀਆਂ ਤਿੰਨਾਂ ਪੱਧਰਾਂ ਦੀਆਂ ਸਰਕਾਰਾਂ ਵਲੋਂ ਬਣਾਏ ਜਾਂਦੇ

ਕਾਨੂੰਨਾਂ, ਜਿਹਨਾਂ ਦਾ ਉਹਨਾਂ ਦੇ ਜੀਵਨ ਨਾਲ ਸਿੱਧਾ ਸੰਬੰਧ ਸੀ, ਵਿੱਚ ਕਿਸੇ ਅਸਰਦਾਰ ਢੰਗ ਨਾਲ ਦਖਲਅੰਦਾਜ਼ੀ ਨਹੀਂ ਕਰ ਸਕਦੇ ਸਨ।

ਦੂਸਰਾ, ਵੋਟ ਦਾ ਹੱਕ ਨਾ ਹੋਣ ਕਾਰਨ ਕਨੇਡਾ ਦੇ ਭਾਰਤੀਆਂ ਉੱਪਰ ਕਈ ਤਰ੍ਹਾਂ ਦੀਆਂ ਬੰਦਸ਼ਾਂ ਸਨ। ਜਿਵੇਂ: ਉਹ ਕਿਸੇ ਜਿਊਰੀ ਉੱਤੇ ਨਹੀਂ ਬੈਠ ਸਕਦੇ ਸਨ; ਪਬਲਿਕ ਵਰਕਸ ਡੀਪਾਰਟਮੈਂਟ ਦੇ ਠੇਕੇਦਾਰਾਂ ਕੋਲ ਕੰਮ ਨਹੀਂ ਸਨ ਕਰ ਸਕਦੇ। ਉਹ ਵਕੀਲ, ਫਾਰਮਾਸਿਸਟ, ਸਕੂਲ ਬੋਰਡ ਦੇ ਟਰੱਸਟੀ ਆਦਿ ਨਹੀਂ ਬਣ ਸਕਦੇ ਸਨ। ਸਮੁੱਚੇ ਰੂਪ ਵਿੱਚ, ਵੋਟ ਦਾ ਅਧਿਕਾਰ ਨਾ ਹੋਣ ਕਾਰਨ, ਭਾਰਤੀਆਂ ਉੱਪਰ ਇਸ ਤਰ੍ਹਾਂ ਦੀਆਂ 26 ਪਾਬੰਦੀਆਂ ਸਨ।[8]

ਤੀਸਰਾ, ਕਨੇਡਾ ਵਿੱਚ ਭਾਰਤੀਆਂ ਕੋਲ ਸਿਆਸੀ ਅਧਿਕਾਰਾਂ ਦੇ ਨਾ ਹੋਣ ਨੂੰ ਕਨੇਡੀਅਨ ਸਰਕਾਰ ਵਲੋਂ ਭਾਰਤੀਆਂ ਦੇ ਕਨੇਡਾ ਆਉਣ ਉੱਤੇ ਰੋਕ ਲਾਉਣ ਲਈ ਇਕ ਦਲੀਲ ਵਜੋਂ ਵਰਤਿਆ ਜਾਂਦਾ ਸੀ। ਕਨੇਡੀਅਨ ਇਮੀਗਰੇਸ਼ਨ ਐਕਟ ਕਨੇਡਾ ਵਿੱਚ ਉਹਨਾਂ ਲੋਕਾਂ ਦੇ ਦਾਖਲੇ ਉੱਤੇ ਪਾਬੰਦੀ ਲਾਉਂਦਾ ਸੀ ਜਿਹਨਾਂ ਨੂੰ ਕਨੇਡਾ ਵਿੱਚ ਨਾਗਰਿਕਾਂ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੇ ਕਾਬਲ ਨਹੀਂ ਸਮਝਿਆ ਜਾਂਦਾ ਸੀ।[9]

ਕਨੇਡਾ ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹੇ ਜਾਣ ਦੇ ਨਾਲ ਹੀ ਉਹਨਾਂ ਨੂੰ ਵੋਟ ਦਾ ਹੱਕ ਮੁੜ ਦਿੱਤੇ ਜਾਣ ਦੀ ਮੰਗ ਉੱਠਣ ਲੱਗੀ। ਅਜਿਹੀ ਮੰਗ ਕਰਨ ਵਾਲਿਆਂ ਵਿੱਚ ਸਥਾਨਕ ਭਾਰਤੀ ਕਮਿਊਨਿਟੀ ਦੇ ਨਾਲ ਨਾਲ ਬਰਤਾਨਵੀ ਸਾਮਰਾਜ ਅਤੇ ਉਹਨਾਂ ਦੇ ਭਾਰਤੀ ਨੁਮਾਇੰਦੇ ਵੀ ਸ਼ਾਮਲ ਸਨ। ਇਹ ਮੰਗ ਕਰਨ ਪਿੱਛੇ ਇਹਨਾਂ ਦੋਹਾਂ ਧਿਰਾਂ ਦੇ ਵੱਖ ਵੱਖ ਮਕਸਦ ਸਨ। ਇਕ ਪਾਸੇ ਬਰਤਾਨਵੀ ਸਾਮਰਾਜ ਅਤੇ ਉਸਦੇ ਨੁਮਾਇੰਦੇ ਭਾਰਤੀਆਂ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਮੁੜ ਦੇਣ ਦੀ ਮੰਗ ਇਸ ਕਰਕੇ ਕਰਦੇ ਸਨ ਕਿ ਅਜਿਹਾ ਨਾ ਹੋਣ ਨਾਲ ਭਾਰਤ ਵਿੱਚ ਅੰਗ੍ਰੇਜ਼ਾਂ ਦੇ ਰਾਜ ਵਿਰੁੱਧ ਗੁੱਸਾ ਪੈਦਾ ਹੁੰਦਾ ਸੀ। ਦੂਜੇ ਪਾਸੇ ਕਨੇਡਾ ਦੇ ਸਥਾਨਕ ਭਾਰਤੀ ਵੋਟ ਦੇ ਹੱਕ ਦੀ ਮੰਗ ਇਸ ਕਰਕੇ ਕਰਦੇ ਸਨ ਕਿ ਉਹ ਕਨੇਡਾ ਵਿੱਚ ਦੂਜੇ



ਨਾਗਰਿਕਾਂ ਦੇ ਬਰਾਬਰ ਹੋ ਕੇ ਜਿਉਣਾ ਚਾਹੁੰਦੇ ਸਨ। ਦੋਹਾਂ ਧਿਰਾਂ ਦੇ ਮਕਸਦ ਵੱਖਰੇ ਵੱਖਰੇ ਹੋਣ ਕਰਕੇ ਉਹਨਾਂ ਵਲੋਂ ਇਸ ਸੰਬੰਧ ਵਿੱਚ ਅਪਣਾਈ ਜਾਂਦੀ ਪਹੁੰਚ ਵੀ ਵੱਖਰੀ ਵੱਖਰੀ ਸੀ। ਇਸ ਲਈ ਅਸੀਂ ਉਹਨਾਂ ਦੋਹਾਂ ਦੇ ਰੋਲ ਨੂੰ ਵੱਖਰੇ ਵੱਖਰੇ ਹਿੱਸੇ ਵਿੱਚ ਵਿਚਾਰਾਂਗੇ।

## ਬਰਤਾਨਵੀ ਸਾਮਰਾਜ ਅਤੇ ਉਸਦੇ ਨੁਮਾਇੰਦਿਆਂ ਦੀ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਬਾਰੇ ਚਿੰਤਾ

ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿੱਚ ਕਈ ਅਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਜੋ ਦਸਦੀਆਂ ਹਨ ਕਿ ਭਾਰਤ ਤੋਂ ਬਾਹਰ ਬਰਤਾਨਵੀ ਸਾਮਰਾਜ ਵਿੱਚ ਵਸਦੇ ਭਾਰਤੀਆਂ ਨਾਲ ਹੁੰਦੀ ਬਦਸਲੂਕੀ ਨੂੰ ਆਜ਼ਾਦੀ ਸੰਗਰਾਮੀਏ ਭਾਰਤ ਵਿੱਚ ਅੰਗ੍ਰੇਜ਼ਾਂ ਵਿਰੁੱਧ ਬਗਾਵਤ ਦੀ ਚਿਣਗ ਪੈਦਾ ਕਰਨ ਲਈ ਵਰਤਦੇ ਸਨ। ਕਨੇਡਾ ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਹੋਈ ਬਦਸਲੂਕੀ ਨੂੰ ਗ਼ਦਰੀਆਂ ਵਲੋਂ ਅੰਗ੍ਰੇਜ਼ੀ ਰਾਜ ਵਿਰੁੱਧ ਰੋਹ ਪੈਦਾ ਕਰਨ ਲਈ ਵਰਤਣਾ ਇਸ ਦੀ ਇਕ ਵਧੀਆ ਉਦਾਹਰਣ ਕਹੀ ਜਾ ਸਕਦੀ ਹੈ। ਅਜਿਹੀਆਂ ਗਤੀਆਂ ਵਿਧੀਆਂ ਨੂੰ ਦੇਖਦਿਆਂ ਭਾਰਤ ਦੇ ਗੋਰੇ ਹਾਕਮਾਂ ਅਤੇ ਉਹਨਾਂ ਦੇ ਪ੍ਰਤੀਨਿਧਾਂ ਨੂੰ ਡਰ ਸੀ ਕਿ ਕਨੇਡਾ ਵਿੱਚ ਭਾਰਤੀਆਂ ਕੋਲ ਵੋਟ ਦਾ ਹੱਕ ਨਾ ਹੋਣ ਨਾਲ ਭਾਰਤ ਵਿੱਚ ਗੋਰਿਆਂ ਦੇ ਰਾਜ ਵਿਰੁੱਧ ਗੁੱਸਾ ਭੜਕ ਸਕਦਾ ਹੈ ਜਾਂ ਭਾਰਤ ਦੇ ਆਜ਼ਾਦੀ ਸੰਗਰਾਮੀਏ ਇਸ ਬਦਸਲੂਕੀ ਨੂੰ ਵੀ ਭਾਰਤ ਵਿੱਚ ਅੰਗ੍ਰੇਜ਼ੀ ਰਾਜ ਵਿਰੁੱਧ ਬਗਾਵਤ ਫੈਲਾਉਣ ਲਈ ਵਰਤ ਸਕਦੇ ਸਨ। ਇਹੀ ਕਾਰਨ ਸੀ ਕਿ ਭਾਰਤ ਦੇ ਗੋਰੇ ਹਾਕਮ ਇਸ ਸਥਿਤੀ ਤੋਂ ਚਿੰਤਾਗ੍ਰਸਤ ਸਨ। ਇਸ ਚਿੰਤਾ ਅਧੀਨ ਉਹ ਕਨੇਡਾ ਦੇ ਭਾਰਤੀਆਂ ਲਈ ਵੋਟ ਦੇ ਹੱਕ ਦੀ ਮੰਗ ਕਰਦੇ ਸਨ। ਇਸੇ ਚਿੰਤਾ ਦੇ ਸਿੱਟੇ ਵਜੋਂ ਭਾਰਤ ਦੀ ਗੋਰੀ ਸਰਕਾਰ ਦੇ ਨੁਮਾਇੰਦਿਆਂ ਵਲੋਂ ਲੰਡਨ ਵਿੱਚ 10 ਡਾਊਨਿੰਗ ਸਟਰੀਟ ਉੱਤੇ 20 ਜੂਨ, 1921 ਨੂੰ ਹੋਈ

ਇੰਮਪੀਰੀਅਲ ਕਾਨਫਰੰਸ ਦੌਰਾਨ ਕਨੇਡਾ ਵਿੱਚ ਰਹਿੰਦੇ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਦੇ ਸੰਬੰਧ ਵਿੱਚ ਸਵਾਲ ਉਠਾਇਆ ਗਿਆ ਅਤੇ ਇਕ ਮਤਾ ਪਾਸ ਕੀਤਾ ਗਿਆ। ਇਹ ਮਤਾ ਬਰਤਾਨਵੀ ਸਾਮਰਾਜ ਦੇ ਦੂਜੇ ਭਾਗਾਂ ਜਿਵੇਂ ਕਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸਾਊਥ ਅਫਰੀਕਾ ਆਦਿ ਵਿੱਚ ਭਾਰਤੀਆਂ ਨੂੰ ਨਾ ਮਿਲਦੇ ਹੱਕਾਂ ਬਾਰੇ ਚਿੰਤਾ ਜ਼ਾਹਿਰ ਕਰਦਾ ਹੈ ਅਤੇ ਬ੍ਰਿਟਿਸ਼ ਕਾਮਨਵੈਲਥ ਦੀ ਏਕਤਾ ਦੇ ਨੁਕਤੇ ਤੋਂ ਭਾਰਤੀਆਂ ਨੂੰ ਇਨ੍ਹਾਂ ਦੇਸਾਂ ਵਿੱਚ ਨਾਗਰਿਕਤਾ ਦਿੱਤੇ ਜਾਣ ਦੀ ਖਾਹਿਸ਼ ਜ਼ਾਹਿਰ ਕਰਦਾ ਹੈ।[10]

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਇੰਮਪੀਰੀਅਲ ਕਾਨਫਰੰਸ ਦੇ 1921 ਦੇ ਇਜਲਾਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਉਸ ਸਮੇਂ ਪੰਜਾਬ ਦੇ ਦੁਆਬਾ ਇਲਾਕੇ ਵਿੱਚ ਬਬਰ ਅਕਾਲੀ ਲਹਿਰ ਅੰਗ੍ਰੇਜ਼ਾਂ ਅਤੇ ਉਸਦੇ ਦੇਸੀ ਕਰਿੰਦਿਆਂ ਦੇ ਖਿਲਾਫ ਹਥਿਆਰਬੰਦ ਘੋਲ ਲੜ ਰਹੀ ਸੀ। ਇਸ ਲਹਿਰ ਉੱਪਰ ਗਦਰ ਲਹਿਰ ਦਾ ਅਸਰ ਹੀ ਨਹੀਂ ਸੀ ਸਗੋਂ ਉਸ ਲਹਿਰ ਦੇ ਕੁੱਝ ਲੋਕ ਵੀ ਬਬਰਾਂ ਵਿਚ ਸ਼ਾਮਲ ਸਨ। ਇਸ ਤੋਂ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਅੰਗ੍ਰੇਜ਼ ਸਰਕਾਰ ਨੂੰ ਭਾਰਤੀ ਲੋਕਾਂ ਵਿੱਚ ਪੈਦਾ ਹੋ ਰਹੀ ਬੇਚੈਨੀ ਦਾ ਫਿਕਰ ਸੀ। ਅੰਗ੍ਰੇਜ਼ ਸਰਕਾਰ ਨੂੰ ਇਸ ਗੱਲ ਦਾ ਡਰ ਸੀ ਕਿ ਸਾਮਰਾਜ ਦੇ ਦੂਜੇ ਭਾਗਾਂ ਵਿੱਚ ਭਾਰਤੀਆਂ ਨਾਲ ਹੁੰਦੇ ਦੁਰਵਿਵਹਾਰ ਨਾਲ ਭਾਰਤੀਆਂ ਦੀ ਬੇਚੈਨੀ ਵਿੱਚ ਵਾਧਾ ਹੋ ਸਕਦਾ ਸੀ। ਇਸ ਫਿਕਰ ਨੂੰ ਦੂਰ ਕਰਨ ਵਾਸਤੇ ਅੰਗ੍ਰੇਜ਼ ਸਰਕਾਰ ਦੇ ਭਾਰਤੀ ਨੁਮਾਇੰਦੇ ਵੀ. ਐਸ. ਸ੍ਰੀਨਿਵਾਸ ਸ਼ਾਸਤਰੀ, ਜਿਹੜਾ ਕਿ ਬ੍ਰਿਟਿਸ਼ ਪਰਿਵੀ ਕੌਂਸਲ ਦਾ ਮੈਂਬਰ ਸੀ, ਨੂੰ 1922 ਵਿੱਚ ਸਾਮਰਾਜ ਦੇ ਇਨ੍ਹਾਂ ਹਿੱਸਿਆਂ ਦਾ ਦੌਰਾ ਕਰਨ ਵਾਸਤੇ ਭੇਜਿਆ ਗਿਆ।

ਸ੍ਰੀਨਿਵਾਸ ਸ਼ਾਸਤਰੀ ਨੇ ਕਨੇਡਾ ਵਿੱਚ ਆਪਣੇ ਦੌਰੇ ਦੌਰਾਨ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਕਨੇਡਾ ਵਿੱਚ ਭਾਰਤੀਆਂ ਨਾਲ ਹੁੰਦੇ ਵਿਤਕਰੇ ਦੇ ਸਿੱਟੇ ਵਜੋਂ ਭਾਰਤ ਵਿੱਚ ਗੋਰੀ ਸਰਕਾਰ ਨੂੰ ਆ ਰਹੀਆਂ ਮੁਸ਼ਕਲਾਂ ਦੀ ਗੱਲ ਕੀਤੀ। ਅਜਿਹੀ ਹੀ ਇਕ ਮੁਲਕਾਤ ਉਸ ਵਲੋਂ 19 ਅਗਸਤ, 1922 ਵਾਲੇ ਦਿਨ



ਵਿਕਟੋਰੀਆ ਵਿੱਚ ਬੀ. ਸੀ. ਦੇ ਪ੍ਰੀਮੀਅਰ ਮਿਸਟਰ ਓਲੀਵਰ ਨਾਲ ਵੀ ਕੀਤੀ ਗਈ। ਇਸ ਮੁਲਾਕਾਤ ਵਿੱਚ ਮਿਸਟਰ ਸ਼ਾਸਤਰੀ ਨੇ ਪ੍ਰੀਮੀਅਰ ਓਲੀਵਰ ਨੂੰ ਕਿਹਾ ਕਿ ਬ੍ਰਿਟਿਸ਼ ਸਬਜੈਕਟਸ ਹੋਣ ਕਾਰਨ ਇਥੇ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ ਹੈ।" ਜਵਾਬ ਵਿੱਚ ਪ੍ਰੀਮੀਅਰ ਓਲੀਵਰ ਨੇ ਉਸਨੂੰ ਭਰੋਸਾ ਦਿਵਾਇਆ ਕਿ ਉਹ ਅਤੇ ਉਸਦੀ ਕੈਬਨਿੱਟ "ਮੁਲਕ ਦੇ ਹਿਤ ਦੇ ਨਜ਼ਰੀਏ ਤੋਂ ਇਸ ਸੁਝਾਅ ਬਾਰੇ ਸੋਚਣਗੇ।"[11] ਪਰ ਅਸਲੀਅਤ ਵਿੱਚ ਬੀ. ਸੀ. ਦੀ ਸਰਕਾਰ ਨੇ ਸ਼ਾਸਤਰੀ ਦੇ ਇਸ ਸੁਝਾਅ ਦੇ ਹੱਕ ਵਿੱਚ ਕੋਈ ਹਾਂ-ਪੱਖੀ ਅਮਲੀ ਕਦਮ ਨਹੀਂ ਚੁੱਕਿਆ। ਸਗੋਂ ਸੰਨ 1923 ਵਿੱਚ ਬੀ. ਸੀ. ਦੀ ਅਸੰਬਲੀ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੇ ਵਿਰੁੱਧ ਇਕ ਸਖਤ ਮਤਾ ਪਾਸ ਕੀਤਾ ਜਿਸਦੀ ਚਰਚਾ ਪਹਿਲਾਂ ਕੀਤੀ ਜਾ ਚੁੱਕੀ ਹੈ।

ਸ਼ਾਸਤਰੀ ਦੀ ਜਾਂ ਉਸ ਸਮੇਂ ਦੀ ਭਾਰਤੀ ਅੰਗ੍ਰੇਜ਼ ਸਰਕਾਰ ਦੀ ਮੰਗ ਬੜੀ ਛੋਟੀ ਅਤੇ ਸਿੱਧੀ ਸੀ। ਉਹ ਸਿਰਫ ਏਨਾ ਚਾਹੁੰਦੇ ਸਨ ਕਿ ਜਿਹੜੇ ਭਾਰਤੀ ਇਨ੍ਹਾਂ ਦੇਸ਼ਾਂ ਵਿੱਚ ਕਾਨੂੰਨੀ ਤੌਰ ਅਤੇ ਆ ਕੇ ਰਹਿਣ ਲੱਗ ਪਏ ਸਨ ਉਨ੍ਹਾਂ ਨੂੰ, ਬ੍ਰਿਟਿਸ਼ ਸਬਜੈਕਟ ਹੋਣ ਕਰਕੇ, ਪੂਰੇ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ ਜਾਣ। ਸਾਮਰਾਜ ਦੇ ਇਨ੍ਹਾਂ ਭਾਗਾਂ ਦੇ ਗੋਰੇ ਹਾਕਮਾਂ ਦੀ ਆਪਣੇ ਮੁਲਕਾਂ ਨੂੰ 'ਸਿਰਫ ਗੋਰਿਆਂ ਵਾਸਤੇ ਰਾਖਵੇਂ ਰੱਖਣ ਦੀ ਖਾਹਿਸ਼' ਨਾਲ ਉਹ ਅੰਦਰੋਂ ਸਹਿਮਤ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਦੁਆਉਣ ਦਾ ਪੂਰਾ ਯਤਨ ਕਰਦੇ ਸਨ। ਉਦਾਹਰਣ ਲਈ ਪਰੈੱਸ ਨਾਲ ਗੱਲਬਾਤ ਕਰਦਿਆਂ ਮਿਸਟਰ ਸ਼ਾਸਤਰੀ ਨੇ ਕਿਹਾ, "ਇਕ ਸਮਝੋਤੇ ਅਨੁਸਾਰ ਕਿਸੇ ਵੀ ਭਾਰਤੀ ਨੂੰ ਕਨੇਡਾ ਵਿੱਚ ਪੱਕੇ ਤੌਰ ਉੱਤੇ ਆ ਕੇ ਰਹਿਣ ਦੀ ਇਜਾਜ਼ਤ ਨਹੀਂ। ਹੁਣ ਇਮੀਗਰੇਸ਼ਨ ਦੇ ਸਵਾਲ ਨੂੰ ਦੁਆਰਾ ਵਿਚਾਰਨ ਦੀ ਗੱਲ ਕਰਕੇ ਭਾਰਤੀ ਅਧਿਕਾਰੀ ਉਸ ਸਮਝੌਤੇ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਕਰ ਸਕਦੇ।[12] ਇੱਥੇ ਮਿਸਟਰ ਸ਼ਾਸਤਰੀ ਸ਼ਾਇਦ ਉਸ ਸਮਝੌਤੇ ਜਾਂ ਕਾਨੂੰਨ ਦੀ ਗੱਲ ਕਰ ਰਿਹਾ ਸੀ ਜਿਹੜਾ ਭਾਰਤ ਸਰਕਾਰ ਨੇ ਸੰਨ 1918 ਵਿੱਚ ਪਾਸ ਕੀਤਾ ਸੀ। ਉਸ ਕਾਨੂੰਨ ਅਨੁਸਾਰ, "(ਭਾਰਤ) ਵਿਚੋਂ ਕੋਈ ਵੀ ਵਿਅਕਤੀ (ਸੰਨ 1918) ਤੋਂ ਬਾਅਦ ਕਿਸੇ ਵੀ

ਡੁਮੀਨਿਅਨ ਨੂੰ ਕੰਮ ਕਰਨ ਜਾਂ ਪੱਕੇ ਤੌਰ ਉੱਤੇ ਰਹਿਣ ਲਈ ਨਹੀਂ ਜਾ ਸਕਦਾ ਸੀ...।"[13]

ਸ੍ਰੀਨਿਵਾਸ ਸ਼ਾਸਤਰੀ ਦੇ ਕਨੇਡਾ ਆਉਣ ਦਾ ਅਸਰ ਇਹ ਹੋਇਆ ਕਿ ਕਨੇਡੀਅਨ ਸਿਆਸਤਦਾਨਾਂ ਨੂੰ, ਖਾਸ ਕਰ ਡੁਮੀਨਿਅਨ (ਕਨੇਡਾ) ਪੱਧਰ ਉੱਤੇ, ਇਸ ਮਸਲੇ ਵੱਲ ਧਿਆਨ ਦੇਣਾ ਪਿਆ। ਉਸ ਵਲੋਂ ਕਨੇਡੀਅਨ ਸਰਕਾਰ ਨੂੰ ਕੀਤੀ ਅਪੀਲ ਅਤੇ ਸਾਲ ਪਹਿਲਾਂ ਲੰਡਨ ਵਿੱਚ ਪਾਸ ਹੋਏ ਮਤੇ ਦੇ ਸਿੱਟੇ ਵਜੋਂ ਕਨੇਡਾ ਦੀ ਪਾਰਲੀਮੈਂਟ ਵਿੱਚ ਜੂਨ 29, 1923 ਵਾਲੇ ਦਿਨ ਇਸ ਮਸਲੇ ਅਤੇ ਭਖਵੀਂ ਬਹਿਸ ਚੱਲੀ। ਕਿਊਬਿਕ ਤੋਂ ਲਿਬਰਲ ਪਾਰਟੀ ਦੇ ਐਮ. ਪੀ. ਮਿਸਟਰ ਜੈਕਬਸ ਨੇ ਪਾਰਲੀਮੈਂਟ ਵਿੱਚ ਮਸਲਾ ਉਠਾਇਆ ਕਿ ਇੰਮਪੀਰੀਅਲ ਕਾਨਫਰੰਸ ਵਿੱਚ ਪਾਸ ਕੀਤੇ ਮਤੇ ਅਨੁਸਾਰ ਕਨੇਡਾ ਵਿੱਚ ਵਸਦੇ ਭਾਰਤੀਆਂ ਨੂੰ ਬ੍ਰਿਟਿਸ਼ ਸਬਜੈਕਟ ਹੋਣ ਕਰਕੇ ਵੋਟ ਦੇਣ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਉਸ ਵਲੋਂ ਉਠਾਏ ਇਸ ਮਸਲੇ ਦੀ ਸਖਤ ਵਿਰੋਧਤਾ ਹੋਈ ਜਿਹੜੀ ਭਾਰਤੀਆਂ ਵਿਰੁੱਧ ਨਸਲਵਾਦੀ ਅਹਿਸਾਸਾਂ ਨਾਲ ਭਰੀ ਹੋਈ ਸੀ ਜਿਸ ਬਾਰੇ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ। ਵਿਰੋਧਤਾ ਕਰਨ ਵਾਲੇ ਮੁੱਖ ਤੌਰ ਉੱਤੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਮ ਪੀ ਮਿਸਟਰ ਨੀਲ ਅਤੇ ਮਿਸਟਰ ਮੈਕਬਰਾਈਡ ਸਨ। ਮਿਸਟਰ ਨੀਲ ਨੇ ਇਹ ਕਹਿ ਕੇ ਮਸਲੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਮਸਲਾ ਕੇਂਦਰੀ ਸਰਕਾਰ ਨਾਲ ਸੰਬੰਧ ਨਹੀਂ ਰੱਖਦਾ। ਉਹਨੇ ਕਿਹਾ: "ਇਹ ਡੁਮੀਨਿਅਨ ਦਾ ਮਸਲਾ ਨਹੀਂ ਹੈ। ਇਹ ਬ੍ਰਿਟਿਸ਼ ਕੋਲੰਬੀਆ ਦੀ ਸਮੱਸਿਆ ਹੈ ... ਇਸ ਸਮੱਸਿਆ ਨੂੰ ਸਾਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਹੀ ਹੱਲ ਕਰਨਾ ਚਾਹੀਦਾ ਹੈ।"[14]

ਬੀ. ਸੀ. ਦੇ ਦੂਜੇ ਐਮ ਪੀ ਮਿਸਟਰ ਮੈਕਬਰਾਈਡ ਦੇ ਵਿਚਾਰ, ਨਸਲੀ ਨਫਰਤ ਨਾਲ ਗੁੱਸੇ ਹੋਏ ਸਨ। ਜਿਸ ਦੇ ਪ੍ਰਤੀਕਰਮ ਵਜੋਂ ਸੀ. ਸੀ. ਐਫ. ਦੇ ਮੈਂਬਰ ਮਿਸਟਰ ਜੇ ਐਸ ਵੁਡਜ਼ਵਰਥ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੀ ਹਿਮਾਇਤ ਕਰਦਿਆਂ ਕਿਹਾ: "ਮੈਨੂੰ ਲੱਗਦਾ ਹੈ ਕਿ ਇਸ ਕਿਸਮ ਦੀ ਸੌੜੀ ਨਸਲੀ ਕੱਟੜਤਾ ਨਾਲ ਅਸੀਂ ਕਿਸੇ ਸਿਰੇ ਨਹੀਂ ਲੱਗ ਸਕਦੇ ... ਮੇਰਾ ਵਿਸ਼ਵਾਸ ਹੈ ਕਿ ਇਨ੍ਹਾਂ ਗੱਲਾਂ



ਨਾਲ ਨਿਪਟਣ ਵਾਸਤੇ ਸਾਨੂੰ ਸੌੜੇ ਵਿਤਕਰੇ ਭਰੇ ਨਜ਼ਰੀਏ ਤੋਂ ਉੱਚੇ ਉੱਠਣਾ ਚਾਹੀਦਾ ਹੈ ਅਤੇ ਇਨ੍ਹਾਂ ਉੱਪਰ... ਸੰਸਾਰ ਪੱਧਰ ਦੇ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ।[15]

ਇਸੇ ਤਰ੍ਹਾਂ ਸਤੰਬਰ 1928 ਵਿੱਚ ਬਰਤਾਨਵੀ ਸਾਮਰਾਜ ਦੀ ਪਾਰਲੀਮੈਂਟਰੀ ਐਸੋਸੀਏਸ਼ਨ ਦੇ ਤਿੰਨ ਮੈਂਬਰ- ਦੀਵਾਨ ਬਹਾਦੁਰ ਜੀ. ਏ. ਨੇਤਸਨ, ਦੀਵਾਨ ਸੀ. ਲਾਲ ਅਤੇ ਟੀ. ਸੀ. ਗੋਸਵਾਮੀ – ਬੀ. ਸੀ. ਵਿੱਚ ਆਏ। ਉਹਨਾਂ ਵੀ ਆਪਣੀ ਫੇਰੀ ਦੌਰਾਨ ਕਨੇਡੀਅਨ ਪ੍ਰੈਸ ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ। ਬੀ. ਸੀ. ਦੀ ਕੈਬਨਿਟ ਨਾਲ ਕੀਤੀ ਮੀਟਿੰਗ ਵਿੱਚ ਉਹਨਾਂ ਸਿਰਫ ਏਨਾ ਹੀ ਪੁੱਛਿਆ ਕਿ "ਕੀ ਇਥੇ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਹੈ ਜਾਂ ਨਹੀਂ?" ਜਦੋਂ ਉਹਨਾਂ ਨੂੰ ਇਹ ਦੱਸਿਆ ਗਿਆ ਕਿ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਨਹੀਂ ਹੈ ਤਾਂ ਇਸਤੋਂ ਬਾਅਦ ਉਹਨਾਂ ਇਸ ਬਾਰੇ ਮੁੜ ਗੱਲ ਨਹੀਂ ਕੀਤੀ।[16] ਅਗਸਤ 1932 ਵਿੱਚ ਇਕ ਬਰਤਾਨਵੀ ਡੈਲੀਗੇਸ਼ਨ ਕਨੇਡਾ ਦੇ ਦੌਰੇ ਉੱਤੇ ਆਇਆ। ਇਸ ਡੈਲੀਗੇਸ਼ਨ ਦੇ ਮੁਖੀ ਸਰ ਅਤੁਲ ਚੈਟਰਜੀ ਨੇ ਕਨੇਡਾ ਦੀ ਸਰਕਾਰ ਨਾਲ ਮਿਲ ਕੇ ਕਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ। ਕਨੇਡੀਅਨ ਸਰਕਾਰ ਦੇ ਨੁਮਾਇੰਦਿਆਂ ਨੇ ਉਸਨੂੰ ਇਸ ਬਾਰੇ ਵਿਚਾਰ ਕਰਨ ਦਾ ਭਰੋਸਾ ਦਿਵਾਇਆ।[17]

ਬਰਤਾਨਵੀ ਸਾਮਰਾਜ ਦੇ ਨੁਮਾਇੰਦੇ ਕਨੇਡਾ ਅਤੇ ਬੀ. ਸੀ. ਸਰਕਾਰਾਂ ਦੇ ਪ੍ਰਤੀਨਿਧਾਂ ਨਾਲ ਮਿਲ ਕੇ ਉਹਨਾਂ ਅੱਗੇ ਬੇਨਤੀ ਕਰਦੇ ਸਨ ਕਿ ਉਹ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇ ਦੇਣ। ਉਹ ਕਦੇ ਵੀ ਕਨੇਡਾ ਅਤੇ ਬੀ. ਸੀ. ਸਰਕਾਰ ਦੀ ਨਸਲਪ੍ਰਸਤੀ ਵੱਲ ਇਸ਼ਾਰਾ ਨਹੀਂ ਕਰਦੇ ਸਨ। ਅਸਲ ਵਿੱਚ ਉਹ ਹਾਕਮ ਗੋਰਿਆਂ ਦੀ ਹੀ ਬੋਲੀ ਬੋਲਦੇ ਸਨ, ਉਨ੍ਹਾਂ ਦੇ ਹੀ ਹੋਟਲਾਂ ਵਿੱਚ ਠਹਿਰਦੇ ਅਤੇ ਉਹਨਾਂ ਦੀਆਂ ਹੀ ਸਟੇਜਾਂ, ਜਿਵੇਂ ਲਾਇਨਜ਼ ਕਲੱਬ ਆਦਿ, ਤੋਂ ਬੋਲਦੇ ਸਨ। ਇਹ ਗੱਲ ਸਾਫ ਸੀ ਕਿ ਬਾਹਰ ਵਸਦੇ ਭਾਰਤੀ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਦੀ ਉਨ੍ਹਾਂ ਨੂੰ ਚਿੰਤਾ ਨਹੀਂ ਸੀ ਪਰ ਉਹਨਾਂ ਵਧੀਕੀਆਂ ਦੇ ਸਿੱਟੇ ਵਜੋਂ ਭਾਰਤ ਵਿੱਚ ਫੈਲਦੀ ਬੇਚੈਨੀ ਉਨ੍ਹਾਂ ਵਾਸਤੇ

ਚਿੰਤਾ ਦੀ ਗੱਲ ਸੀ। ਸੋ ਭਾਰਤੀ ਲੋਕਾਂ ਨੂੰ ਕਾਬੂ ਵਿੱਚ ਰੱਖਣ ਦੀ ਮਜ਼ਬੂਰੀ ਕਰਕੇ ਗੋਰੀ ਸਰਕਾਰ ਨੂੰ ਬਾਹਰ ਵਸਦੇ ਭਾਰਤੀਆਂ ਦੇ ਹੱਕਾਂ ਦੀ ਗੱਲ ਕਰਨੀ ਪੈ ਰਹੀ ਸੀ। ਇਥੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਉਂਕਿ ਭਾਰਤੀ ਗੋਰੀ ਸਰਕਾਰ ਦੇ ਨੁਮਾਇੰਦੇ ਸਾਮਰਾਜ ਦੀਆਂ ਦੂਜੀਆਂ ਸਰਕਾਰਾਂ ਵਾਸਤੇ ਵੀ ਮਹੱਤਤਾ ਰੱਖਦੇ ਸਨ ਇਸ ਕਰਕੇ ਉਨ੍ਹਾਂ ਦੀ ਆਵਾਜ਼ ਦੇ ਫਲਸਰੂਪ ਵੋਟ ਦੇ ਹੱਕ ਵਰਗੇ ਮਸਲੇ ਨੂੰ ਵੱਡੀ ਪੱਧਰ ਉੱਤੇ ਮਹੱਤਤਾ ਪ੍ਰਾਪਤ ਹੁੰਦੀ ਸੀ। ਕਨੇਡਾ ਵਿੱਚ ਵਸਦੀ ਭਾਰਤੀ ਕਮਿਊਨਿਟੀ ਵਿਚੋਂ ਆਪਣੇ ਹੱਕਾਂ ਵਾਸਤੇ ਜੱਦੋ-ਜਹਿਦ ਕਰ ਰਹੇ ਲੋਕ ਵੀ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਸਨ। ਇਸ ਮਕਸਦ ਲਈ ਉਹ ਇਹਨਾਂ ਨੁਮਾਇੰਦਿਆਂ ਨੂੰ ਕਈ ਵਾਰੀ ਖੁਦ ਵੀ ਬੋਲਣ ਲਈ ਸੱਦੇ ਦਿੰਦੇ ਸਨ ਅਤੇ ਉਨ੍ਹਾਂ ਦੇ ਕਿਰਾਏ ਅਤੇ ਹੋਟਲਾਂ ਆਦਿ ਵਿੱਚ ਰਹਿਣ ਦੇ ਖਰਚੇ ਵਗੈਰਾ ਵੀ ਦਿੰਦੇ ਸਨ।

## ਸਥਾਨਕ ਭਾਰਤੀ ਕਮਿਊਨਿਟੀ ਵਲੋਂ ਜੱਦੋ-ਜਹਿਦ

ਸਥਾਨਕ ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਲੈਣ ਲਈ ਲੜੀ 40 ਸਾਲ ਲੰਮੀ ਲੜਾਈ ਦੌਰਾਨ ਭਾਰਤੀ ਕਮਿਊਨਿਟੀ ਨੇ ਇਸ ਜੱਦੋ-ਜਹਿਦ ਦੇ ਵੱਖਰੇ ਵੱਖਰੇ ਪੜਾਵਾਂ ਉੱਤੇ, ਸਮੇਂ ਦੀਆਂ ਵੱਖ ਵੱਖ ਹਾਲਤਾਂ ਅਨੁਸਾਰ, ਵੱਖਰੇ ਵੱਖਰੇ ਢੰਗਾਂ ਅਤੇ ਦਲੀਲਾਂ ਦਾ ਸਹਾਰਾ ਲਿਆ। ਇਸ ਦੌਰਾਨ ਕਨੇਡਾ ਦੇ ਭਾਰਤੀਆਂ ਨੂੰ ਬਾਰ ਬਾਰ, ਮੋੜ ਮੋੜ ਉੱਤੇ ਅਸਫਲਤਾ ਦਾ ਸਾਹਮਣਾ ਕਰਨਾ ਪਿਆ, ਪਰ ਉਹਨਾਂ ਨੇ ਕਾਮਯਾਬ ਹੋਣ ਤੱਕ ਲੜਨਾ ਨਹੀਂ ਛੱਡਿਆ। ਜੇ ਅਸੀਂ ਇਸ ਤੱਤ ਨੂੰ ਧਿਆਨ ਵਿੱਚ ਰੱਖੀਏ ਕਿ ਸੰਨ 1942-47 ਦੌਰਾਨ ਜਦੋਂ ਵੋਟ ਲਈ ਹੱਕ ਦੀ ਲੜਾਈ ਸਿੱਖਰ ਉੱਤੇ ਸੀ, ਉਸ ਵੇਲੇ ਵੱਖਰੀਆਂ ਵੱਖਰੀਆਂ ਰੀਪੋਰਟਾਂ ਮੁਤਾਬਕ ਬੀ. ਸੀ. ਵਿੱਚ ਭਾਰਤੀਆਂ ਦੀ ਕੁੱਲ ਗਿਣਤੀ ਮਸਾਂ 1000 - 1700 ਵਿਚਕਾਰ ਸੀ ਤਾਂ ਇਸ ਗੱਲ ਦੀ



ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਇਸ ਲੰਮੀ ਜੱਦੋ-ਜਹਿਦ ਦੌਰਾਨ ਕਨੇਡਾ ਦੇ ਭਾਰਤੀਆਂ ਨੇ ਇਕ ਪਾਸੇ ਹਿੰਦੁਸਤਾਨ ਰਹਿ ਚੁੱਕੇ ਅਤੇ ਬ੍ਰਿਟਿਸ਼ ਸਾਮਰਾਜ ਦੇ ਵਫਾਦਾਰ ਅੰਗ੍ਰੇਜ਼ਾਂ ਦੀ ਅਤੇ ਦੂਸਰੇ ਪਾਸੇ ਕਨੇਡਾ ਅਤੇ ਖਾਸ ਕਰਕੇ ਬੀ. ਸੀ. ਦੀ ਮਜ਼ਦੂਰ ਲਹਿਰ ਅਤੇ ਸੋਸ਼ਲਿਸਟ ਵਿਚਾਰ ਰੱਖਣ ਵਾਲੇ ਲੋਕਾਂ ਦੀ ਮਦਦ ਲਈ। ਇਕ ਪਾਸੇ ਭਾਰਤੀ ਕਮਿਊਨਿਟੀ ਬੀ. ਸੀ. ਦੇ ਸਿਆਸੀ ਲੀਡਰਾਂ ਨੂੰ ਮਿਲ ਕੇ, ਪਟੀਸ਼ਨਾਂ ਦੇ ਕੇ ਵੋਟ ਦਾ ਹੱਕ ਮੰਗਦੀ ਸੀ ਤਾਂ ਦੂਜੇ ਪਾਸੇ ਲੋੜ ਪੈਣ ਉੱਤੇ ਸਿਆਸੀ ਲੀਡਰਾਂ ਨੂੰ ਚੁਣੌਤੀ ਦੇਣੋਂ ਵੀ ਝਿਜਕਦੀ ਨਹੀਂ ਸੀ।

ਲਿਖਤੀ ਅਤੇ ਪਰੈੱਸ ਰੀਪੋਰਟਾਂ ਵਿੱਚ ਵੋਟ ਦਾ ਹੱਕ ਨਾ ਹੋਣ ਵਿਰੁੱਧ ਭਾਰਤੀਆਂ ਵਲੋਂ ਚੁੱਕੇ ਪਹਿਲੇ ਕਦਮ ਦੀ ਗੱਲ ਹਸਨ ਰਹੀਮ ਤੋਂ ਸ਼ੁਰੂ ਹੁੰਦੀ ਹੈ। ਭਾਰਤੀਆਂ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਅਖਬਾਰ *'ਦੀ ਆਰੀਅਨ'* ਵਿੱਚ ਛਪੀ ਇਕ ਰੀਪੋਰਟ ਮੁਤਾਬਕ, ਸੰਨ 1911 ਵਿੱਚ ਹਸਨ ਰਹੀਮ ਨੇ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਵਿੱਚ ਵੋਟ ਪਾਈ। ਉਸਦਾ ਮੱਤ ਸੀ ਕਿ ਬ੍ਰਿਟਿਸ਼ ਸਬਜੈਕਟ ਹੋਣ ਦੇ ਨਾਤੇ ਉਸਨੂੰ ਵੋਟ ਪਾਉਣ ਦਾ ਹੱਕ ਹਾਸਲ ਸੀ। ਪਰ ਸਥਾਨਕ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਹ ਕੰਮ ਗੈਰ-ਕਾਨੂੰਨੀ ਹੋਣ ਕਰਕੇ ਉਸ ਉੱਪਰ ਮੁਕੱਦਮਾ ਚਲਾਇਆ ਗਿਆ। ਵਿਲੀਅਮ ਹਾਪਿਕਨਸਨ ਦੀ ਸ਼ਹਿ ਉੱਤੇ ਚਲਾਏ ਇਸ ਮੁਕੱਦਮੇ ਵਿਚੋਂ ਹਸਨ ਰਹੀਮ ਬਰੀ ਹੋ ਗਿਆ। ਹਸਨ ਰਹੀਮ ਵਲੋਂ ਇਸ ਤਰ੍ਹਾਂ ਕਰਨ ਨਾਲ ਵੋਟ ਦੇ ਹੱਕ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ।[18]

ਇਸ ਤੋਂ ਬਾਅਦ ਇਹ ਮਸਲਾ ਸੰਨ 1920 ਤੋਂ ਬਾਅਦ ਮੁੜ ਉਭਰਿਆ ਅਤੇ ਸੰਨ 1947 ਤੱਕ ਇਹ ਕਿਸੇ ਨਾ ਕਿਸੇ ਰੂਪ ਵਿੱਚ ਭਖਦਾ ਰਿਹਾ। ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਕਈ ਤਰ੍ਹਾਂ ਦੀਆਂ ਦਲੀਲਾਂ ਵਰਤੀਆਂ ਜਾਂਦੀਆਂ ਸਨ। ਸਭ ਤੋਂ ਪਹਿਲਾਂ, ਭਾਰਤੀਆਂ ਦਾ ਮੱਤ ਸੀ ਕਿ ਉਹ ਬ੍ਰਿਟਿਸ਼ ਸਬਜੈਕਟ ਹਨ ਇਸ ਲਈ ਉਹਨਾਂ ਨੂੰ ਵੋਟ ਦਾ ਹੱਕ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਇਸ ਮੱਤ ਨੂੰ ਲਗਾਤਾਰ ਆਪਣੀ ਜੱਦੋ-ਜਹਿਦ ਦਾ ਹਿੱਸਾ ਬਣਾਇਆ। ਉਦਾਹਰਣ

ਲਈ, 9 ਅਪ੍ਰੈਲ 1927 ਨੂੰ ਕਨੇਡਾ ਦਾ ਗਵਰਨਰ ਜਨਰਲ ਵਾਈਕਾਉਂਟ ਵਿਲਿੰਗਡਨ ਵੈਨਕੂਵਰ ਦੇ ਦੌਰੇ ਉੱਤੇ ਆਇਆ। ਇਸ ਸਮੇਂ ਭਾਰਤੀ ਕਮਿਊਨਿਟੀ ਵਲੋਂ ਇਕ ਅੱਠ ਮੈਂਬਰੀ-ਕਮੇਟੀ ਨੇ ਗਵਰਨਰ ਜਨਰਲ ਨੂੰ ਮਿਲ ਕੇ ਇਕ ਪਟੀਸ਼ਨ ਦਿੱਤੀ। ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਕਿਉਂਕਿ ਕਨੇਡਾ ਵਿੱਚ ਰਹਿ ਰਹੇ ਭਾਰਤੀ ਬ੍ਰਿਟਿਸ਼ ਸਬਜੈਕਟਸ ਹਨ, ਇਸ ਲਈ ਉਹਨਾਂ ਨੂੰ ਕਨੇਡਾ ਵਿੱਚ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ ਜਾਣ।[19] ਆਉਣ ਵਾਲੇ ਸਮੇਂ ਵਿੱਚ ਇਹ ਦਲੀਲ ਬਾਰ ਬਾਰ ਦੁਹਰਾਈ ਜਾਂਦੀ ਰਹੀ।

ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਦੂਸਰੀ ਦਲੀਲ ਇਹ ਵਰਤੀ ਜਾਂਦੀ ਸੀ ਕਿ ਭਾਰਤੀਆਂ ਨੇ ਬਰਤਾਨਵੀ ਸਾਮਰਾਜ ਲਈ ਆਪਣਾ ਲਹੂ ਡੋਲ੍ਹਿਆ ਹੈ। ਅਪਰੈਲ 1927 ਵਿੱਚ ਵਾਈਕਾਉਂਟ ਵਿਲਿੰਗਡਨ ਅੱਗੇ ਪੇਸ਼ ਕੀਤੀ ਪਟੀਸ਼ਨ ਵਿੱਚ ਵੀ ਇਹ ਦਲੀਲ ਦਿੱਤੀ ਗਈ ਸੀ। ਬਾਅਦ ਵਿੱਚ ਵੀ ਜਦੋਂ ਵੋਟ ਦਾ ਹੱਕ ਲੈਣ ਲਈ ਭਾਰਤੀਆਂ ਦੇ ਡੈਲੀਗੇਸ਼ਨ ਬੀ. ਸੀ. ਦੀ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲਦੇ ਤਾਂ ਇਹਨਾਂ ਡੈਲੀਗੇਸ਼ਨਾਂ ਵਿੱਚ ਅੰਗ੍ਰੇਜ਼ਾਂ ਦੀ ਫੌਜ ਵਿੱਚ ਰਹਿ ਚੁੱਕੇ ਫੌਜੀਆਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਸੀ। ਉਦਾਹਰਣ ਲਈ, 2 ਮਾਰਚ 1943 ਨੂੰ ਵੋਟ ਦੇ ਹੱਕ ਦੇ ਸੰਬੰਧ ਵਿੱਚ ਬੀ. ਸੀ. ਦੇ ਪ੍ਰੀਮੀਅਰ ਜਾਹਨ ਹਾਰਟ ਨੂੰ ਮਿਲਣ ਵਾਲੇ ਡੈਲੀਗੇਸ਼ਨ ਵਿੱਚ ਤਿੰਨ ਫੌਜੀ ਸ਼ਾਮਲ ਸਨ। ਇਹਨਾਂ ਵਿਚੋਂ ਇਕ, ਬਾਹੂ ਸਿੰਘ, ਪਹਿਲੀ ਸੰਸਾਰ ਜੰਗ ਵਿੱਚ ਲੜ ਚੁੱਕਾ ਸੀ। ਦੂਸਰੇ ਦੋ – ਫੰਗਨ ਸਿੰਘ ਅਤੇ ਜੀ. ਐਸ. ਬਾਦਲ, ਉਸ ਸਮੇਂ ਕਨੇਡੀਅਨ ਫੌਜ ਵਿੱਚ ਭਰਤੀ ਸਨ। ਭਾਰਤੀਆਂ ਦੇ ਹਮਦਰਦ ਅੰਗ੍ਰੇਜ਼ ਜੋ ਹਿੰਦੁਸਤਾਨ ਵਿੱਚ ਰਹਿ ਚੁੱਕੇ ਸਨ ਵੀ ਇਸ ਦਲੀਲ ਨੂੰ ਜ਼ੋਰ ਸ਼ੋਰ ਨਾਲ ਵਰਤਦੇ ਸਨ। 28 ਅਗਸਤ 1942 ਨੂੰ ਵੈਨਕੂਵਰ ਵਿੱਚ ਇਕ ਮੀਟਿੰਗ ਵਿੱਚ ਬੋਲਦਿਆਂ ਸਰ ਰੋਬਰਟ ਹਾਲੈਂਡ ਨੇ ਕਿਹਾ, "ਇਹ ਗੱਲ ਬੜੀ ਬੇਇਨਸਾਫੀ ਵਾਲੀ ਹੈ ਕਿ ਭਾਰਤੀ ਲੋਕ ਕਨੇਡਾ ਦੇ ਫੌਜੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਨ ਨੂੰ ਤਿਆਰ ਹਨ ਪਰ ਕਨੇਡਾ ਦੇ ਮਾਮਲਿਆਂ ਵਿੱਚ ਦਖਲ ਦੇਣ ਲਈ ਉਹਨਾਂ ਕੋਲ ਕੋਈ ਆਵਾਜ਼ ਨਹੀਂ।"[20]



ਅਸਲ ਵਿੱਚ ਭਾਰਤੀ ਲੋਕਾਂ ਨੂੰ ਇਸ ਗੱਲ ਦਾ ਬਹੁਤ ਗੁੱਸਾ ਸੀ ਕਿ ਜਿਸ ਸਾਮਰਾਜ ਦੀ ਰੱਖਿਆ ਲਈ ਉਹ ਆਪਣੀਆਂ ਜਾਨਾਂ ਵਾਰਨ ਨੂੰ ਤਿਆਰ ਸਨ, ਉਸ ਸਾਮਰਾਜ ਵਿੱਚ ਉਹਨਾਂ ਨਾਲ ਬਰਾਬਰੀ ਦਾ ਸਲੂਕ ਨਹੀਂ ਕੀਤਾ ਜਾਂਦਾ ਸੀ। ਜਦੋਂ ਦੂਸਰੀ ਸੰਸਾਰ ਜੰਗ ਸਮੇਂ, ਕਨੇਡਾ ਵਿੱਚ ਰਹਿ ਰਹੇ ਭਾਰਤੀ ਜਵਾਨਾਂ ਨੂੰ, ਕਨੇਡੀਅਨ ਫੌਜ ਵਿੱਚ ਜਬਰੀ ਭਰਤੀ ਹੋਣ ਦੀਆਂ ਚਿੱਠੀਆਂ ਆਉਣ ਲੱਗੀਆਂ ਤਾਂ ਕਮਿਊਨਿਟੀ ਵਿੱਚ ਇਹ ਗੁੱਸਾ ਬਹੁਤ ਵਧ ਗਿਆ। ਕਮਿਊਨਿਟੀ ਦਾ ਵਿਚਾਰ ਸੀ ਕਿ ਜੇ ਕਨੇਡੀਅਨ ਸਰਕਾਰ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਤਿਆਰ ਨਹੀਂ ਤਾਂ ਇਸ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਕਨੇਡੀਅਨ-ਭਾਰਤੀ ਜਵਾਨਾਂ ਨੂੰ ਫੌਜ ਵਿੱਚ ਜਬਰੀ ਭਰਤੀ ਹੋਣ ਲਈ ਕਹੇ। ਇਸ ਸੰਬੰਧ ਵਿੱਚ ਅਕਤੂਬਰ 1942 ਵਿੱਚ ਭਾਰਤੀ ਕਮਿਊਨਿਟੀ ਵਲੋਂ ਖਾਲਸਾ ਦੀਵਾਨ ਸੁਸਾਇਟੀ ਨੇ ਕਨੇਡਾ ਦੇ ਡਿਫੈਂਸ ਮਨਿਸਟਰ ਅੱਗੇ ਸਖਤ ਰੋਸ ਪ੍ਰਗਟ ਕੀਤਾ।[21]

ਸਮੇਂ ਦੀਆਂ ਹਾਲਤਾਂ ਨੂੰ ਸਮਝਦੇ ਹੋਏ, ਰੋਸ ਪ੍ਰਗਟ ਕਰਨ ਦੇ ਨਾਲ ਨਾਲ, ਭਾਰਤੀ ਕਮਿਊਨਿਟੀ ਨੇ ਜਬਰੀ ਭਰਤੀ ਦੇ ਮਾਮਲੇ ਨੂੰ ਵੋਟ ਦਾ ਹੱਕ ਲੈਣ ਲਈ ਵਰਤਣ ਦਾ ਵੀ ਫੈਸਲਾ ਕੀਤਾ। ਸੰਨ 1942 ਵਿੱਚ ਭਾਰਤੀ ਕਮਿਊਨਿਟੀ ਦੇ ਨਾਂ ਉੱਤੇ ਖਾਲਸਾ ਦੀਵਾਨ ਸੁਸਾਇਟੀ ਵਲੋਂ ਬੀ. ਸੀ. ਅਤੇ ਕਨੇਡਾ ਦੀ ਸਰਕਾਰ ਨੂੰ ਇਕ ਪਟੀਸ਼ਨ ਭੇਜੀ ਗਈ। ਇਸ ਪਟੀਸ਼ਨ ਵਿੱਚ ਮੁੱਖ ਤੌਰ ਉੱਤੇ ਇਹ ਕਿਹਾ ਗਿਆ ਸੀ ਕਿ ਭਾਰਤੀ ਲੋਕ ਕਨੇਡਾ ਦੇ ਵਫਾਦਾਰ ਹਨ ਅਤੇ ਲੋੜ ਪੈਣ ਉੱਤੇ ਇਸ ਦੇਸ਼ ਲਈ ਆਪਣੀਆਂ ਜਾਨਾਂ ਵੀ ਵਾਰਨ ਨੂੰ ਤਿਆਰ ਹਨ। ਪਰ ਉਹ ਇਹ ਮਹਿਸੂਸ ਕਰਦੇ ਹਨ ਕਿ ਜੇ ਉਹਨਾਂ ਤੋਂ ਬ੍ਰਿਟਿਸ਼ ਸਬਜੈਕਟਸ ਦੇ ਫਰਜ਼ ਨਿਭਾਉਣ ਦੀ ਆਸ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਬ੍ਰਿਟਿਸ਼ ਸਬਜੈਕਟਸ ਦੇ ਹੱਕ ਵੀ ਮਿਲਣੇ ਚਾਹੀਦੇ ਹਨ।[22]

ਕਨੇਡਾ ਦੀ ਭਾਰਤੀ ਕਮਿਊਨਿਟੀ ਵਲੋਂ ਭਾਰਤੀ ਜਵਾਨਾਂ ਦੀ ਕਨੇਡੀਅਨ ਫੌਜ ਵਿੱਚ ਜਬਰੀ ਭਰਤੀ ਨੂੰ ਵੋਟ ਦੇ ਹੱਕ ਨਾਲ ਜੋੜਨ ਦੀ ਦਲੀਲ ਨੂੰ ਬਹੁਗਿਣਤੀ ਭਾਈਚਾਰੇ ਦੇ ਵੱਡੇ ਹਿੱਸੇ ਦੀ ਹਿਮਾਇਤ ਹਾਸਲ ਸੀ। ਉਦਾਹਰਣ ਲਈ, ਇਸ ਦਲੀਲ ਨੂੰ ਆਧਾਰ ਬਣਾ ਕੇ

ਵੈਨਕੂਵਰ ਤੋਂ ਛਪਣ ਵਾਲੇ ਦੋ ਅਖਬਾਰਾਂ – ਵੈਨਕੂਵਰ ਨਿਊਜ਼ ਹੈਰਲਡ ਅਤੇ ਵੈਨਕੂਵਰ ਡੇਲੀ ਪ੍ਰੋਵਿੰਸ– ਨੇ ਭਾਰਤੀਆਂ ਦੇ ਹੱਕ ਵਿੱਚ ਸੰਪਾਦਕੀ ਲਿਖੇ। 13 ਅਕਤੂਬਰ 1942 ਨੂੰ ਵੈਨਕੂਵਰ ਡੇਲੀ ਪ੍ਰੋਵਿੰਸ ਦੇ ਸੰਪਾਦਕੀ ਵਿੱਚ ਇਸ ਤਰ੍ਹਾਂ ਲਿਖਿਆ ਹੈ:

> ਈਸਟ ਇੰਡੀਅਨਾਂ ਦੀਆਂ ਕੁੱਝ ਦਲੀਲਾਂ ਬਹੁਤ ਜਾਇਜ਼ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਬ੍ਰਿਟਿਸ਼ ਸਬਜੈਕਟਸ ਹਨ। ਉਹ ਕਹਿੰਦੇ ਹਨ ਕਿ ਉਹ ਵਫਾਦਾਰ ਹਨ ਅਤੇ ਇਸ (ਦਾਅਵੇ) ਦੇ ਵਿਰੁੱਧ ਥੋੜ੍ਹੀ ਜਿੰਨੀ ਵੀ ਗਵਾਹੀ ਨਾ ਹੋਣ ਕਾਰਨ, ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਵਫਾਦਾਰ ਹਨ। ਉਹ ਕਹਿੰਦੇ ਹਨ ਕਿ ਜੇ ਉਹਨਾਂ ਨੂੰ ਨਾਗਰਿਕਤਾ ਦੇ ਦਿੱਤੀ ਜਾਵੇ ਤਾਂ ਉਹ ਕਿਸੇ ਵੀ ਤਰ੍ਹਾਂ ਕਨੇਡਾ ਦੀ ਸੇਵਾ ਕਰਨ ਵਿੱਚ ਖੁਸ਼ੀ ਮਹਿਸੂਸ ਕਰਨਗੇ। ਨਾਗਰਿਕਾਂ ਦੇ ਅਧਿਕਾਰ ਨਾ ਹੋਣ ਦੇ ਬਾਵਜੂਦ ਉਹਨਾਂ ਵਿਚੋਂ ਕਈਆਂ ਉੱਪਰ ਜਬਰੀ ਭਰਤੀ ਲਾਗੂ ਕੀਤੀ ਗਈ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਜਾਇਜ਼ ਨਹੀਂ। ... ਇਸ ਸੂਬੇ ਵਿੱਚ ਈਸਟ ਇੰਡੀਅਨ ਸੰਨ 1908 ਤੋਂ ਵੋਟ ਦੇ ਹੱਕ ਦੀ ਮੰਗ ਕਰ ਰਹੇ ਹਨ। ਜੇ ਇਹ (ਮੰਗ) ਕਦੇ ਵੀ ਸਵੀਕਾਰ ਕਰਨੀ ਹੈ ਤਾਂ ਹੁਣ, ਜਦੋਂ ਕਿ ਇਸ ਤੋਂ ਵੱਡਾ ਸਿਆਸੀ ਲਾਭ ਲਿਆ ਜਾ ਸਕਦਾ ਹੈ, ਸਭ ਤੋਂ ਸਹੀ ਸਮਾਂ ਹੈ।[23]

ਹਿੰਦੁਸਤਾਨ ਵਿੱਚ ਆਜ਼ਾਦੀ ਦੀ ਲੜਾਈ ਕਾਰਨ ਪੈਦਾ ਹੋਈ ਸਿਆਸੀ ਅਸਥਿਰਤਾ ਨੂੰ ਵੀ ਕਨੇਡੀਅਨ–ਭਾਰਤੀ ਕਮਿਊਨਿਟੀ ਇਕ ਦਲੀਲ ਵਜੋਂ ਵਰਤਦੀ ਸੀ। ਸੰਨ 1942–43–ਹਿੰਦੁਸਤਾਨ ਵਿੱਚ 'ਭਾਰਤ ਛੱਡੋ' ਅੰਦੋਲਨ ਜ਼ੋਰਾਂ ਉੱਤੇ ਸੀ। ਅਕਤੂਬਰ 1942 ਵਿੱਚ ਬੀ. ਸੀ. ਅਤੇ ਕਨੇਡਾ ਦੀ ਸਰਕਾਰ ਨੂੰ ਦਿੱਤੀ ਪਟੀਸ਼ਨ ਵਿੱਚ ਭਾਰਤੀ ਕਮਿਊਨਿਟੀ ਦੇ ਲੀਡਰਾਂ ਦੀ ਇਕ ਦਲੀਲ ਇਹ ਵੀ ਸੀ ਕਿ ਕਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਦੇਣਾ ਹਿੰਦੁਸਤਾਨ ਵਿੱਚ ਸਿਆਸੀ ਗੜਬੜ ਨੂੰ ਸ਼ਾਂਤ ਕਰਨ ਵਿੱਚ ਸਹਾਈ ਹੋ ਸਕਦਾ ਹੈ।[24]

ਅਗਲੀ ਦਲੀਲ ਜੋ ਕਨੇਡੀਅਨ ਭਾਰਤੀ ਕਮਿਊਨਿਟੀ ਵੋਟ ਦਾ ਹੱਕ ਲੈਣ ਲਈ ਵਰਤਦੀ ਸੀ, ਉਹ ਸੀ ਕਨੇਡਾ ਦੀ ਉਸਾਰੀ ਵਿੱਚ



ਭਾਰਤੀ ਕਮਿਊਨਿਟੀ ਦਾ ਯੋਗਦਾਨ। ਭਾਰਤੀ ਕਮਿਊਨਿਟੀ ਦੀ ਇਹ ਦਲੀਲ ਸੀ ਕਿ ਭਾਰਤੀ ਲੋਕ ਕਨੇਡਾ ਵਿੱਚ ਚੰਗੇ ਸ਼ਹਿਰੀਆਂ ਵਜੋਂ ਰਹਿੰਦੇ ਸਨ, ਕਨੇਡਾ ਦੀ ਸਰਕਾਰ ਨੂੰ ਟੈਕਸ ਦਿੰਦੇ ਸਨ ਅਤੇ ਕਨੇਡਾ ਦੇ ਆਰਥਿਕ ਵਿਕਾਸ ਵਿੱਚ ਹਿੱਸੇ ਆਉਂਦਾ ਯੋਗਦਾਨ ਪਾ ਰਹੇ ਸਨ। ਇਸ ਸੰਬੰਧ ਵਿੱਚ 9 ਅਪ੍ਰੈਲ 1927 ਨੂੰ ਭਾਰਤੀ ਕਮਿਊਨਿਟੀ ਵਲੋਂ ਕਨੇਡਾ ਦੇ ਗਵਰਨਰ ਜਨਰਲ ਵਾਈਕਾਊਂਟ ਵਿਲਿੰਗਡਨ ਨੂੰ ਦਿੱਤੀ ਪਟੀਸ਼ਨ ਵਿੱਚ ਇਸ ਤਰ੍ਹਾਂ ਲਿਖਿਆ ਹੈ:

> ਹੁਣ ਕਨੇਡਾ ਵਿੱਚ 1100 ਦੇ ਲੱਗਭਗ (ਭਾਰਤੀ ਮੂਲ ਦੇ) ਬ੍ਰਿਟਿਸ਼ ਸਬਜੈਕਟਸ ਰਹਿੰਦੇ ਹਨ।... ਇਹਨਾਂ ਵਿਚੋਂ ਬਹੁਤੇ ਕਨੇਡਾ ਵਿੱਚ ਵੀਹ–ਪੱਚੀ ਸਾਲਾਂ ਤੋਂ ਰਹਿ ਰਹੇ ਹਨ। ਇਸ ਸਮੇਂ ਦੌਰਾਨ ਉਹਨਾਂ ਨੇ ਵੱਡੀ ਗਿਣਤੀ ਵਿੱਚ ਜ਼ਮੀਨ ਖਰੀਦੀ ਅਤੇ ਸੁਧਾਰੀ ਹੈ। ਇਸ ਤੋਂ ਬਿਨਾਂ ਉਹਨਾਂ ਨੇ ਕਈ ਮਹੱਤਵਪੂਰਨ ਅਤੇ ਖੁਸ਼ਹਾਲ ਸਨਅਤਾਂ ਨੂੰ ਉਸਾਰਿਆ ਹੈ। ਵੱਡੀ ਗਿਣਤੀ ਵਿੱਚ ਟੈਕਸ ਅਦਾ ਕੀਤਾ ਹੈ ਅਤੇ ਇਸਦੇ ਨਾਲ ਨਾਲ (ਨਵੇਂ) ਅਪਣਾਏ ਦੇਸ਼ ਵਿੱਚ ਚੰਗੇ ਅਤੇ ਮਿਹਨਤੀ ਨਾਗਰਿਕਾਂ ਵਾਂਗ ਰਹਿ ਰਹੇ ਹਨ।[25]

ਫਿਰ ਚਾਲੀਵਿਆਂ ਵਿੱਚ ਵੀ ਇਹ ਦਲੀਲ ਬਾਰ ਬਾਰ ਵਰਤੀ ਜਾਂਦੀ ਰਹੀ। ਉਦਾਹਰਣ ਲਈ, 2 ਮਾਰਚ 1943 ਨੂੰ ਭਾਰਤੀ ਕਮਿਊਨਿਟੀ ਅਤੇ ਉਸਦੇ ਹਮਦਰਦਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੇ ਪ੍ਰੀਮੀਅਰ ਜਾਹਨ ਹਾਰਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਰਿੰਦਰ ਸਿੰਘ ਗਿੱਲ, ਖਾਲਸਾ ਦੀਵਾਨ ਸੁਸਾਇਟੀ ਦਾ ਸੈਕਟਰੀ; ਨਰਿੰਜਨ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਪ੍ਰੈਜ਼ੀਡੈਂਟ; ਦਰਸ਼ਨ ਸਿੰਘ ਸੰਘਾ (ਜੋ ਬਾਅਦ ਵਿੱਚ ਪੰਜਾਬ ਦੀ ਸਿਆਸਤ ਵਿੱਚ ਦਰਸ਼ਨ ਸਿੰਘ ਕਨੇਡੀਅਨ ਵਜੋਂ ਮਸ਼ਹੂਰ ਹੋਏ); ਹਜਾਰਾ ਸਿੰਘ ਗਰਚਾ; ਹਰਨਾਮ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਪ੍ਰੈਜ਼ੀਡੈਂਟ; ਦੀਦਾਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਖਜ਼ਾਨਚੀ; ਅਰਜਨ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਉੱਪ ਖਜ਼ਾਨਚੀ; ਮਹਿੰਦਰ ਸਿੰਘ; ਫੰਗਨ ਸਿੰਘ; ਜੀ. ਐਸ. ਬਾਦਲ; ਬਾਹੂ ਸਿੰਘ; ਸਰ ਰੌਬਰਟ ਹਾਲੈਂਡ ਅਤੇ ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.)

ਦੇ ਡਿਸਟ੍ਰਿਕਟ ਨੰਬਰ 1 ਦਾ ਪ੍ਰੈਜ਼ੀਡੈਂਟ ਹੈਰਲਡ ਪਰਿਚਟ। ਡੈਲੀਗੇਸ਼ਨ ਦੀ ਬੀ. ਸੀ. ਦੇ ਪ੍ਰੀਮੀਅਰ ਨਾਲ ਹੋਈ ਮੀਟਿੰਗ ਦੌਰਾਨ ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ ਨੇ ਬਰੀਫ ਪੜ੍ਹਦਿਆਂ ਕਿਹਾ:

> ਅਸੀਂ ਈਮਾਨਦਾਰੀ ਨਾਲ ਨਾਗਰਿਕਾਂ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਸਾਨੂੰ ਨਾਗਰਿਕਤਾ ਦਾ ਲੋਕਤੰਤਰੀ ਅਧਿਕਾਰ ਨਹੀਂ ਦਿੱਤਾ ਗਿਆ। ਸਾਡਾ ਦਾਅਵਾ ਹੈ ਕਿ ਸਾਨੂੰ ਇਹ ਹੱਕ ਨਾ ਦੇਣ ਦੀ ਉਚਿਤਤਾ ਤਰਕ ਅਤੇ ਦਲੀਲ ਤੋਂ ਕੋਰੀ ਹੈ। ... ਅਸੀਂ ਲੋਕ ਪੁਰਾਣੀ ਅਤੇ ਲੋਕਤੰਤਰਿਕ ਪਰੰਪਰਾ ਦੇ ਧਾਰਨੀ ਹਾਂ। ਅਸੀਂ ਜਮਹੂਰੀਅਤ ਦੇ ਅਸੂਲਾਂ ਅਤੇ ਆਜ਼ਾਦੀਆਂ ਵਿੱਚ ਯਕੀਨ ਰੱਖਦੇ ਹਾਂ ਅਤੇ ਉਹਨਾਂ ਲਈ ਲੜਨ ਨੂੰ ਤਿਆਰ ਹਾਂ। ... ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਕਨੇਡੀਅਨ ਕਮਿਊਨਿਟੀ ਦੇ ਸਤਿਕਾਰਯੋਗ ਮੈਂਬਰਾਂ ਦਾ ਰੋਲ ਅਦਾ ਕਰਦੇ ਹੋਏ ਚੰਗੇ ਕਨੇਡੀਅਨਾਂ ਅਤੇ ਜ਼ਿੰਮੇਵਾਰ ਸ਼ਹਿਰੀਆਂ ਦੇ ਤੌਰ 'ਤੇ ਵੱਡੇ ਹੋਣ।[26]

ਇਸੇ ਤਰ੍ਹਾਂ 16 ਸਤੰਬਰ 1947 ਨੂੰ ਹੈਰੀਸਨ ਹਾਟ ਸਪਰਿੰਗਜ਼ ਵਿਖੇ ਬੀ. ਸੀ. ਦੀਆਂ ਮਿਊਸਪੈਲਟੀਆਂ ਦੀ ਯੂਨੀਅਨ ਦੀ ਮੀਟਿੰਗ ਵਿੱਚ ਭਾਰਤੀ ਕਨੇਡੀਅਨਾਂ ਨੂੰ ਮਿਊਂਸਪੈਲ ਪੱਧਰ ਉੱਤੇ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਬੋਲਦਿਆਂ ਡਾ: ਪਾਂਡੀਆ ਨੇ ਕਿਹਾ ਕਿ ਭਾਰਤੀ ਲੋਕ ਜਾਇਦਾਦਾਂ ਦੇ ਮਾਲਕ ਹਨ ਅਤੇ ਟੈਕਸ ਦਿੰਦੇ ਹਨ। ਡੈਮੋਕਰੇਸੀ ਦਾ ਅਸੂਲ ਹੈ ਕਿ ਨੁਮਾਇੰਦਗੀ ਦੇ ਹੱਕ ਤੋਂ ਬਿਨਾਂ ਟੈਕਸ ਨਹੀਂ ਲੱਗਣਾ ਚਾਹੀਦਾ। ਭਾਰਤੀਆਂ ਨੇ ਕਨੇਡਾ ਦੀ ਆਰਥਿਕਤਾ, ਖਾਸ ਕਰਕੇ ਲੱਕੜ ਅਤੇ ਖੇਤੀਬਾੜੀ ਦੇ ਖਿੱਤੇ ਦਾ ਵਿਕਾਸ ਕਰਨ ਵਿੱਚ, ਇਕ ਮੋਢੀ ਰੋਲ ਨਿਭਾਇਆ ਹੈ। ਭਾਰਤੀ ਲੋਕ ਵਫਾਦਾਰ ਲੋਕ ਹਨ ਅਤੇ ਉਹਨਾਂ ਨੇ ਛੇਵੇਂ ਵਾਇਸਰਾਏ ਦੇ ਬਾਂਡਾਂ ਵਿੱਚ ਅੱਧੇ ਮਿਲੀਅਨ (5 ਲੱਖ) ਤੋਂ ਵੱਧ ਡਾਲਰ ਲਾਏ ਹਨ ਅਤੇ ਉਹਨਾਂ ਨੇ ਰੈੱਡ ਕਰਾਸ ਅਤੇ ਹਸਪਤਾਲਾਂ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ ਹੈ।[27]

ਜਿੱਥੇ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਦੇ ਨੁਮਾਇੰਦੇ ਕਨੇਡਾ ਵਿੱਚ ਭਾਰਤੀਆਂ ਲਈ ਸਿਰਫ ਨਾਗਰਿਕਤਾ ਦੇ ਅਧਿਕਾਰਾਂ ਦੀ ਹੀ



ਗੱਲ ਕਰਦੇ ਸਨ ਉੱਥੇ ਕਨੇਡਾ ਦੀ ਸਥਾਨਕ ਭਾਰਤੀ ਕਮਿਊਨਿਟੀ ਨਾਗਰਿਕਤਾ ਦੇ ਅਧਿਕਾਰਾਂ ਦੇ ਨਾਲ ਨਾਲ ਕਨੇਡਾ ਵਿੱਚ ਭਾਰਤੀਆਂ ਨੂੰ ਵਧੇਰੇ ਇਮੀਗਰੇਸ਼ਨ ਦੇਣ ਦੀ ਵੀ ਮੰਗ ਕਰਦੀ ਸੀ। ਉਦਾਹਰਣ ਲਈ, 9 ਅਪ੍ਰੈਲ 1927 ਵਿੱਚ ਵਾਈਕਾਉਂਟ ਵਿਲਿੰਗਡਨ ਅੱਗੇ ਪੇਸ਼ ਕੀਤੀ ਪਟੀਸ਼ਨ ਵਿੱਚ ਭਾਰਤੀ ਕਮਿਊਨਿਟੀ ਨੇ ਹਰ ਸਾਲ ਕੁੱਝ ਭਾਰਤੀਆਂ ਨੂੰ ਕਨੇਡਾ ਵਿੱਚ ਆਉਣ ਦੇਣ ਅਤੇ ਵਿਦਿਆਰਥੀਆਂ ਅਤੇ ਵਪਾਰੀਆਂ ਉੱਤੇ ਲਾਈਆਂ ਬੰਦਸ਼ਾਂ ਨੂੰ ਨਰਮ ਕਰਨ ਦੀ ਮੰਗ ਕੀਤੀ ਸੀ।[28]

ਵੋਟ ਦਾ ਹੱਕ ਲੈਣ ਲਈ ਲੜੀ ਲੰਮੀ ਅਤੇ ਔਖੀ ਲੜਾਈ ਦੌਰਾਨ ਕਨੇਡਾ ਦੀ ਭਾਰਤੀ ਕਮਿਊਨਿਟੀ ਨੇ ਕਮਿਊਨਿਟੀ ਤੋਂ ਬਾਹਰ ਦੇ ਲੋਕਾਂ, ਦੋਸਤਾਂ ਅਤੇ ਹਮਦਰਦਾਂ ਨਾਲ ਸੰਬੰਧ ਸਥਾਪਤ ਕੀਤੇ ਅਤੇ ਉਹਨਾਂ ਤੋਂ ਮਦਦ ਲਈ। ਇਸ ਲੰਮੀ ਲੜਾਈ ਵਿੱਚ ਕਨੇਡਾ ਦੀ ਬਹੁਗਿਣਤੀ ਕਮਿਊਨਿਟੀ ਵਿਚੋਂ ਮਦਦ ਕਰਨ ਵਾਲੇ ਲੋਕਾਂ ਵਿੱਚ ਸੋਸ਼ਲਿਸਟ ਜਥੇਬੰਦੀਆਂ, ਟਰੇਡ ਯੂਨੀਅਨ ਲਹਿਰ, ਸੀ. ਸੀ. ਐਫ. ਪਾਰਟੀ, ਲੇਬਰ ਪਰਾਗਰੈਸਿਵ ਪਾਰਟੀ, ਚਰਚਾਂ, ਟੀਚਰਾਂ ਦੀਆਂ ਐਸੋਸੀਏਸ਼ਨਾਂ ਆਦਿ ਸ਼ਾਮਲ ਸਨ। ਜਥੇਬੰਦੀਆਂ ਤੋਂ ਬਿਨਾਂ ਉਸ ਸਮੇਂ ਦੇ ਕਈ ਉੱਘੇ ਕਨੇਡੀਅਨ ਲੋਕਾਂ ਨੇ ਵੀ ਇਸ ਘੋਲ ਵਿੱਚ ਭਾਰਤੀਆਂ ਦੀ ਮਦਦ ਕੀਤੀ।[29]

ਬੇਸ਼ੱਕ ਕਨੇਡਾ ਵਿੱਚ ਭਾਰਤੀਆਂ ਵਲੋਂ ਵੋਟ ਦਾ ਹੱਕ ਲੈਣ ਦੀ ਜੱਦੋ-ਜਹਿਦ ਲੰਮਾ ਸਮਾਂ ਚੱਲੀ ਪਰ ਇਸ ਲਹਿਰ ਦਾ ਸਿਖਰ ਸੰਨ 1942-1947 ਦੇ ਵਿਚਕਾਰ ਸੀ। ਉਸ ਸਮੇਂ ਦੌਰਾਨ ਭਾਰਤੀ ਕਮਿਊਨਿਟੀ ਨੂੰ ਸੀ. ਸੀ. ਐਫ ਪਾਰਟੀ ਅਤੇ ਟਰੇਡ ਯੂਨੀਅਨ ਲਹਿਰ ਵਲੋਂ ਜੋ ਮਦਦ ਮਿਲੀ ਉਸ ਦਾ ਜ਼ਿਕਰ ਅਸੀਂ ਥੋੜੇ ਵਿਸਥਾਰ ਵਿੱਚ ਕਰਨਾ ਚਾਹਾਂਗੇ ਕਿਉਂਕਿ ਸਾਡੇ ਖਿਆਲ ਵਿੱਚ ਉਹਨਾਂ ਵਲੋਂ ਮਿਲੀ ਮਦਦ ਨੇ ਇਸ ਜੱਦੋ-ਜਹਿਦ ਵਿੱਚ ਫੈਸਲਾਕੁੰਨ ਰੋਲ ਅਦਾ ਕੀਤਾ ਹੈ। ਸੀ. ਸੀ. ਐਫ. ਪਾਰਟੀ ਦੇ ਨੁਮਾਇੰਦੇ ਕਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਦੇ ਮਸਲੇ ਨੂੰ ਬੀ. ਸੀ. ਦੀ ਅਸੰਬਲੀ ਵਿੱਚ ਲੈ ਕੇ ਗਏ ਅਤੇ ਉਸਦੇ ਹੱਕ ਵਿੱਚ ਬੋਲੇ। ਸੀ. ਸੀ. ਐਫ. ਪਾਰਟੀ

ਦੇ ਰੋਲ ਬਾਰੇ ਗੱਲ ਕਰਦਿਆਂ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦੇ ਪ੍ਰੈਜ਼ੀਡੈਂਟ ਹਰਨਾਮ ਸਿੰਘ ਅਤੇ ਸੈਕਟਰੀ ਸੁੰਦਰ ਸਿੰਘ ਸੁਸਾਇਟੀ ਵਲੋਂ ਸੰਨ 1947 ਵਿੱਚ ਛਾਪੀ ਆਪਣੀ ਰੀਪੋਰਟ ਵਿੱਚ ਇਸ ਤਰ੍ਹਾਂ ਲਿਖਦੇ ਹਨ:

> ਭਾਵੇਂ ਅਸੀਂ ਵੋਟ ਦੇ ਕਾਨੂੰਨ ਵਿੱਚ ਤਬਦੀਲੀ ਲਿਆਉਣ ਲਈ ਅੰਦੋਲਨ ਕਰਦੇ ਰਹੇ, ਪਰ ਇਹ ਮਸਲਾ ਉਸ ਸਮੇਂ ਤੱਕ ਭਖਵਾਂ ਮਸਲਾ ਨਹੀਂ ਬਣਿਆ ਜਦੋਂ ਤੱਕ ਸੋਸ਼ਲਿਸਟ ਪਾਰਟੀ – ਦੀ ਕੋ-ਅਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ – ਨੇ ਨਸਲੀ ਵਿਤਕਰਾ ਖਤਮ ਕਰਨ ਲਈ ਇਸ ਨੂੰ ਆਪਣੇ ਪ੍ਰੋਗਰਾਮ ਦਾ ਮੁੱਖ ਮਸਲਾ ਨਹੀਂ ਬਣਾ ਲਿਆ।[30]

9 ਮਾਰਚ 1944 ਨੂੰ ਵੈਨਕੂਵਰ ਈਸਟ ਤੋਂ ਸੀ. ਸੀ. ਐਫ. ਦੇ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਨੇ ਅਸੰਬਲੀ ਵਿੱਚ ਬੀ. ਸੀ. ਇਲੈਕਸ਼ਨ ਐਕਟ ਵਿੱਚ ਇਕ ਤਰਮੀਮ ਪੇਸ਼ ਕੀਤੀ ਤਾਂ ਕਿ ਕਨੇਡਾ ਦੇ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤਾ ਜਾ ਸਕੇ। ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ. ਦੀ ਅਸੰਬਲੀ ਮੈਂਬਰ ਸ਼੍ਰੀ ਮਤੀ ਲਾਰਾ ਜੇਮੀਸਨ ਇਸ ਤਰਮੀਮ ਦੇ ਹੱਕ ਵਿੱਚ ਬੋਲੀ। ਪਰ ਇਹ ਤਰਮੀਮ ਪਾਸ ਨਾ ਹੋ ਸਕੀ ਕਿਉਂਕਿ ਅਸੰਬਲੀ ਦੇ ਸਪੀਕਰ ਮਿਸਟਰ ਵਿਟੇਕਰ ਨੇ ਉਸ ਬਿਲ, ਜਿਸ ਵਿੱਚ ਇਹ ਤਰਮੀਮ ਸ਼ਾਮਲ ਸੀ, ਨੂੰ ਕੁੱਝ ਤਕਨੀਕੀ ਕਾਰਨਾਂ ਕਰਕੇ ਆਊਟ ਆਫ ਆਰਡਰ ਕਰਾਰ ਦੇ ਦਿੱਤਾ। ਇਸ ਤੋਂ ਬਾਅਦ ਬੀ. ਸੀ. ਦੀ ਸੀ. ਸੀ. ਐਫ. ਪਾਰਟੀ ਦੇ ਮੈਂਬਰ ਕਨੇਡਾ ਦੇ ਭਾਰਤੀਆਂ ਦੇ ਵੋਟ ਦੇ ਹੱਕ ਵਿੱਚ ਬੋਲਦੇ ਰਹੇ। 23 ਅਕਤੂਬਰ 1944 ਨੂੰ ਬੀ. ਸੀ. ਦੀ ਸੀ. ਸੀ. ਐਫ. ਪਾਰਟੀ ਦਾ ਨੇਤਾ ਹੈਰਾਲਡ ਈ. ਵਿੰਚ ਵੈਨਕੂਵਰ ਦੇ ਗੁਰਦੁਆਰੇ ਆਇਆ ਅਤੇ ਬੋਲਿਆ, "ਸੀ. ਸੀ. ਐਫ. ਦੀ ਪਾਲਸੀ ਨਸਲ ਦਾ ਖਿਆਲ ਕੀਤੇ ਬਿਨਾਂ ਕਨੇਡਾ ਵਿੱਚ ਕਾਨੂੰਨੀ ਤੌਰ ਅਤੇ ਰਹਿ ਰਹੇ ਸਾਰੇ ਲੋਕਾਂ ਨੂੰ ਨਾਗਰਿਕਤਾ ਦੇਣ ਦੇ ਹੱਕ ਵਿੱਚ ਹੈ।"[31]

ਉਸਤੋਂ ਬਾਅਦ ਬੀ. ਸੀ. ਅਸੰਬਲੀ ਦੇ ਅਗਲੇ ਸਾਲ ਦੇ ਸੈਸ਼ਨ



ਦੌਰਾਨ, ਮਾਰਚ 15, 1945 ਨੂੰ ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ. ਪਾਰਟੀ ਨਾਲ ਸੰਬੰਧਤ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਨੇ ਇਕ ਵਾਰ ਫੇਰ ਕਨੇਡਾ ਦੇ ਭਾਰਤੀਆਂ ਨੂੰ ਬੀ. ਸੀ. ਵਿੱਚ ਵੋਟ ਦਾ ਹੱਕ ਦੇਣ ਲਈ ਬੀ. ਸੀ. ਦੇ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਨ ਲਈ ਬਿਲ ਪੇਸ਼ ਕੀਤਾ। ਬਿਲ ਪੇਸ਼ ਕਰਦੇ ਸਮੇਂ ਉਸਨੇ ਕਿਹਾ, "ਇਹ ਸਮਾਂ, ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਫੌਜੀ ਬਰਮਾ ਦੇ ਜੰਗਲਾਂ ਵਿੱਚ ਲੋਕਤੰਤਰ ਖਾਤਰ ਆਪਣੀਆਂ ਜਾਨਾਂ ਵਾਰ ਰਹੇ ਹਨ, ਏਥੇ ਦੇ ਭਾਰਤੀਆਂ ਨੂੰ ਨਾਗਰਿਕਤਾ ਦੇ ਅਧਿਕਾਰ ਦੇਣ ਲਈ ਸਭ ਤੋਂ ਉਚਿਤ ਹੈ। ਉਹਨਾਂ ਨੂੰ ਵੋਟ ਦਾ ਹੱਕ ਨਾ ਦੇ ਕੇ ਬੀ. ਸੀ. ਲੇਬਰ ਦਾ ਨੀਵਾਂ ਪੱਧਰ ਪੈਦਾ ਕਰ ਰਿਹਾ ਹੈ ਅਤੇ ਇਕ ਅਜਿਹੀ ਮੁਸ਼ਕਿਲ ਪੈਦਾ ਕਰ ਰਿਹਾ ਹੈ ਜਿਸ ਨਾਲ, ਅਮਰੀਕਾ ਵਿੱਚ ਕਾਲਿਆਂ ਦੀ ਸਮੱਸਿਆ ਵਾਂਗ, ਕਦੇ ਨਾ ਕਦੇ ਨਜਿੱਠਣਾ ਹੀ ਪੈਣਾ ਹੈ।"[32] ਬੇਸ਼ੱਕ ਇਸ ਸਮੇਂ ਬੀ. ਸੀ. ਵਿੱਚ ਵੱਡੇ ਪੱਧਰ ਉੱਤੇ ਕਨੇਡਾ ਦੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਮਾਹੌਲ ਸੀ ਪਰ ਇਸ ਵਾਰ ਵੀ ਇਹ ਤਰਮੀਮ ਪਾਸ ਨਾ ਹੋ ਸਕੀ। 28 ਮਾਰਚ 1945 ਨੂੰ ਇਸ ਬਿਲ ਦੀ ਚਾਰ ਵੋਟਾਂ ਦੇ ਫਰਕ (18 ਹੱਕ ਵਿੱਚ ਅਤੇ 22 ਵਿਰੋਧ ਵਿੱਚ) ਨਾਲ ਹਾਰ ਹੋ ਗਈ। ਇਸ ਹਾਰ ਦੀ ਆਲੋਚਨਾ ਕਰਦਿਆਂ 7 ਅਪ੍ਰੈਲ 1945 ਨੂੰ ਵਿਕਟੋਰੀਆ ਡੇਲੀ ਟਾਈਮਜ਼ ਵਿੱਚ ਲਿਖੇ ਇਕ ਖਤ ਵਿੱਚ ਦਰਸ਼ਨ ਸਿੰਘ ਸੰਘਾ (ਕਨੇਡੀਅਨ) ਨੇ ਇਸ ਤਰ੍ਹਾਂ ਲਿਖਿਆ:

> ਈਸਟ ਇੰਡੀਅਨ ਜਨਮ ਤੋਂ ਹੀ ਬ੍ਰਿਟਿਸ਼ ਸਬਜੈਕਟਸ ਹਨ। ਉਹ ਟੈਕਸ ਦਿੰਦੇ ਹਨ ਅਤੇ ਉਹ ਸਾਰੇ ਫਰਜ਼ ਨਿਭਾਉਂਦੇ ਹਨ ਜਿਹਨਾਂ ਦੀ ਇਕ ਪੂਰੇ ਨਾਗਰਿਕ ਤੋਂ ਆਸ ਕੀਤੀ ਜਾਂਦੀ ਹੈ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਬਰਤਾਨਵੀ ਨਾਗਰਿਕਾਂ ਨੂੰ ਬਰਤਾਨੀਆ ਦੀ ਡੁਮੀਨਿਅਨ ਵਿੱਚ ਪੂਰੀ ਨਾਗਰਿਕਤਾ ਦੇ ਅਧਿਕਾਰ ਨਾ ਹੋਣ...।[33]

ਬੀ. ਸੀ. ਵਿੱਚ ਭਾਰਤੀਆਂ ਦੇ ਹੱਕ ਵਿੱਚ ਮਾਹੌਲ ਹੁੰਦੇ ਹੋਏ ਵੀ ਇਸ ਬਿਲ ਦੀ ਹਾਰ ਕਿਉਂ ਹੋ ਗਈ? ਇਸਦਾ ਵੱਡਾ ਕਾਰਨ ਸੀ

ਬੀ. ਸੀ. ਦੀ ਲਿਬਰਲ ਸਰਕਾਰ ਜੋ ਭਾਰਤੀਆਂ ਨੂੰ ਵੋਟ ਦਾ ਹੱਕ ਨਹੀਂ ਦੇਣਾ ਚਾਹੁੰਦੀ ਸੀ। ਇਸ ਲਈ ਉਸ ਸਮੇਂ ਦੀ ਲਿਬਰਲ ਸਰਕਾਰ ਦੇ ਰਵੱਈਏ ਉੱਤੇ ਇਕ ਸੰਖੇਪ ਝਾਤ ਮਾਰ ਲੈਣੀ ਕੁਥਾਵੀਂ ਗੱਲ ਨਹੀਂ ਹੋਵੇਗੀ। ਫਰਵਰੀ 1944 ਵਿੱਚ ਸੀ. ਸੀ. ਐਫ. ਦੇ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਵਲੋਂ ਪੇਸ਼ ਕੀਤੀ ਗਈ ਤਰਮੀਮ ਉੱਤੇ ਹੋਈ ਬਹਿਸ ਦੌਰਾਨ 9 ਮਾਰਚ 1944 ਨੂੰ ਬੀ. ਸੀ. ਦੇ ਪ੍ਰੋਵਿੰਸ਼ਲ ਸੈਕਟਰੀ ਅਤੇ ਲਿਬਰਲ ਸਰਕਾਰ ਦੇ ਲੇਬਰ ਮਨਿਸਟਰ, ਆਨਰੇਬਲ ਜਾਰਜ ਪੀਅਰਸਨ, ਨੇ ਤਰਮੀਮ ਦਾ ਵਿਰੋਧ ਕਰਦਿਆਂ ਕਿਹਾ:

> ਵੋਟ ਦਾ ਹੱਕ ਪ੍ਰਾਪਤ ਕਰਨ ਪਿੱਛੇ ਕੌਮੀਅਤ ਨਾਲੋਂ ਕੁੱਝ ਵੱਧ ਹੋਣਾ ਚਾਹੀਦਾ ਹੈ। ਇਸ ਸੂਬੇ ਵਿੱਚ ਰਹਿਣ-ਸਹਿਣ ਦਾ ਜੋ ਪੱਧਰ ਅਸੀਂ ਮਿਥਿਆ ਹੈ, ਉਸ ਪੱਧਰ ਨੂੰ ਕਾਇਮ ਰੱਖਣ ਵਿੱਚ ਹਿੰਦੂ ਸਾਡੀ ਮਦਦ ਨਹੀਂ ਕਰ ਰਿਹਾ। ਇਸ ਸੂਬੇ ਵਿੱਚ ਹਿੰਦੂਆਂ ਵਰਗਾ ਬੇਇਤਬਾਰਾ, ਬੇਈਮਾਨ ਅਤੇ ਧੋਖੇਬਾਜ਼ ਹੋਰ ਕੋਈ ਨਹੀਂ ਹੈ। ਅਸੀਂ ਉਹਨਾਂ ਤੋਂ ਜਾਣਕਾਰੀ ਨਹੀਂ ਲੈ ਸਕਦੇ। ਉਹ ਸਾਡੇ ਬਣਾਏ ਹਰ ਨਿਯਮ ਨੂੰ ਤੋੜਦੇ ਹਨ। ਸਾਨੂੰ ਉਹਨਾਂ ਕੇਸਾਂ ਦਾ ਪਤਾ ਹੈ ਜਿਹਨਾਂ ਵਿੱਚ ਨੌਕਰੀ ਲੈਣ ਲਈ ਹਿੰਦੂਆਂ ਨੂੰ ਦੂਜੇ ਹਿੰਦੂਆ ਨੂੰ ਪੈਸੇ ਦੇਣੇ ਪਏ ਸਨ। ਲੇਬਰ ਡੀਪਾਰਟਮੈਂਟ ਵਿੱਚ ਚੀਨੇ ਜ਼ਿੰਦਗੀ ਦਾ ਫਿਕਰ ਬਣੇ ਹੋਏ ਹਨ; ਅਤੇ ਜਾਪਾਨੀ ਵੀ। ਉਹਨਾਂ ਨੂੰ ਪੂਰੇ ਅਧਿਕਾਰਾਂ ਤੋਂ ਵਾਂਝੇ ਰੱਖ ਕੇ ਅਸੀਂ ਠੀਕ ਕਰ ਰਹੇ ਹਾਂ।[34]

ਮਿਸਟਰ ਪੀਅਰਸਨ ਦੇ ਇਸ ਬਿਆਨ ਨਾਲ ਭਾਰਤੀ ਕਮਿਊਨਿਟੀ ਅਤੇ ਉਸਦੇ ਹਮਦਰਦਾਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ। ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ. ਦੀ ਮੈਂਬਰ ਲਾਰਾ ਜੇਮੀਸਨ ਨੇ ਅਸੰਬਲੀ ਵਿੱਚ ਲੇਬਰ ਮਨਿਸਟਰ ਦੇ ਬਿਆਨ ਦਾ ਨੋਟਿਸ ਲੈਂਦਿਆਂ ਕਿਹਾ ਕਿ ਲੇਬਰ ਮਨਿਸਟਰ ਦੇ ਬਿਆਨ ਵਿਚੋਂ ਰੰਗ ਦੇ ਆਧਾਰ ਉੱਤੇ ਵਿਤਕਰੇ ਦੀ ਝਲਕ ਮਿਲਦੀ ਹੈ।[35]

ਕਨੇਡੀਅਨ-ਭਾਰਤੀ ਕਮਿਊਨਿਟੀ ਵਲੋਂ ਇਸ ਬਿਆਨ ਦਾ ਬੜਾ ਸਖ਼ਤ ਨੋਟਿਸ ਲਿਆ ਗਿਆ। ਇਸ ਬਿਆਨ ਦੇ ਪ੍ਰਤੀਕਰਮ ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ ਨੇ



ਕਿਹਾ, "ਮਿਸਟਰ ਪੀਅਰਸਨ ਦੇ ਇਹ ਬਿਆਨ ਨਾਵਾਜਬ ਅਤੇ ਅਕਾਰਣ ਹਨ। ਜਦੋਂ ਮਿਸਟਰ ਪੀਅਰਸਨ ਆਪਣੇ ਹੂੰਝਾ-ਫੇਰੂ ਬਿਆਨ ਵਿੱਚ ਚੀਨਿਆਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ ਤਾਂ ਉਹ ਇਕ ਸ਼ਾਵਨਵਾਦੀ ਰਵੱਈਆ ਅਖਤਿਆਰ ਕਰਦਾ ਹੈ, ਜੋ ਕਿ ਨਾਜ਼ੀਆਂ ਦੀ 'ਮਾਸਟਰ ਰੇਸ' ਦੀਆਂ ਥਿਊਰੀਆਂ ਦੀ ਵਿਸ਼ੇਸ਼ਤਾ ਹੈ।"[36] ਅਗਾਂਹ ਨਗਿੰਦਰ ਸਿੰਘ ਗਿੱਲ ਨੇ ਮਿਸਟਰ ਪੀਅਰਸਨ ਨੂੰ ਚੁਣੌਤੀ ਦਿੰਦਿਆਂ ਕਿਹਾ:

> ਜੇ ਮਿਸਟਰ ਪੀਅਰਸਨ ਇਕ ਸਨਮਾਨਯੋਗ ਵਿਅਕਤੀ ਹੋਵੇਗਾ ਤਾਂ ਉਹ ਆਪਣੇ ਵਲੋਂ ਕਹੇ ਸਚਾਈ-ਰਹਿਤ ਸ਼ਬਦਾਂ ਲਈ ਪਬਲਿਕ ਤੌਰ ਉੱਤੇ ਮੁਆਫੀ ਮੰਗ ਲਵੇਗਾ। ਪਰ ਜੇ ਉਹ ਅਜਿਹਾ ਨਹੀਂ ਕਰਨਾ ਚਾਹੁੰਦਾ ਤਾਂ ਉਸਨੂੰ ਇਹ ਸ਼ਬਦ ਅਸੰਬਲੀ ਤੋਂ ਬਾਹਰ ਦੁਹਰਾਉਣੇ ਚਾਹੀਦੇ ਹਨ। ਅਸੀਂ ਉਸਨੂੰ ਯਕੀਨ ਦਿਵਾਉਂਦੇ ਹਾਂ ਕਿ ਜੇ ਉਹ ਅਜਿਹਾ ਕਰੇਗਾ ਤਾਂ ਅਸੀਂ ਇਕ ਦਮ ਹਤਕ-ਇੱਜ਼ਤ ਦਾ ਮੁਕੱਦਮਾ ਕਰ ਦੇਵਾਂਗੇ ਤਾਂ ਕਿ ਕਚਹਿਰੀਆਂ ਇਹ ਫੈਸਲਾ ਕਰ ਸਕਣ ਕਿ ਕੀ ਅਸੀਂ ਅਜਿਹੇ ਅਣਚਾਹੇ ਨਾਗਰਿਕ ਹਾਂ ਜਾਂ ਨਹੀਂ ਜਿਹਨਾਂ ਦੀ ਮਿਸਟਰ ਪੀਅਰਸਨ ਨੇ ਸੰਸਦੀ ਵਿਸ਼ੇਸ਼ ਅਧਿਕਾਰਾਂ ਦੀ ਓਟ ਲੈ ਕੇ ਅਕਾਰਣ ਹੀ ਬੇਇੱਜ਼ਤੀ ਕੀਤੀ ਹੈ।[37]

14 ਮਾਰਚ 1944 ਨੂੰ ਕਨੇਡੀਅਨ ਭਾਰਤੀ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਰਸਮੀ ਤੌਰ ਉੱਤੇ ਰੋਸ ਪ੍ਰਗਟ ਕਰਨ ਲਈ ਲੇਬਰ ਮਨਿਸਟਰ ਪੀਅਰਸਨ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ; ਜੈਰੀ ਸਿੰਘ ਹੁੰਦਲ; ਮਹਿੰਦਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਨੁਮਾਇੰਦਾ ਅਤੇ ਦਰਸ਼ਨ ਸਿੰਘ ਸੰਘਾ (ਕਨੇਡੀਅਨ)। ਇਸ ਡੈਲੀਗੇਸ਼ਨ ਨੇ ਲੇਬਰ ਮਨਿਸਟਰ ਪੀਅਰਸਨ ਨੂੰ ਰੋਸ ਭਰਿਆ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ ਉਹ ਆਪਣੇ ਸ਼ਬਦ ਵਾਪਸ ਲਵੇ। ਇਹ ਡੈਲੀਗੇਸ਼ਨ ਆਪਣੇ ਨਾਲ ਵਿਕਟੋਰੀਆ ਦੀ ਚਾਈਨੀਜ਼ ਯੂਥ ਐਸੋਸੀਏਸ਼ਨ ਵਲੋਂ ਲਿਖਿਆ ਇਕ ਖਤ ਵੀ ਲੈ ਕੇ ਗਿਆ ਜਿਸ ਵਿੱਚ ਲੇਬਰ ਮਨਿਸਟਰ ਪੀਅਰਸਨ ਦੇ ਸ਼ਬਦਾਂ ਵਿਰੁੱਧ ਚੀਨੀ ਭਾਈਚਾਰੇ ਵਲੋਂ ਰੋਸ ਪ੍ਰਗਟ ਕੀਤਾ ਗਿਆ ਸੀ।[38]

22 ਮਾਰਚ 1944 ਨੂੰ ਲੇਬਰ ਮਨਿਸਟਰ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਮੁਆਫੀ ਦਾ ਇਕ ਖਤ ਭੇਜਿਆ। ਉਸ ਖਤ ਨਾਲ ਭਾਰਤੀ ਕਮਿਊਨਿਟੀ ਦੀ ਤਸੱਲੀ ਨਾ ਹੋਈ। ਪਰ ਮਿਸਟਰ ਪੀਅਰਸਨ ਨੇ ਅਸੰਬਲੀ ਵਿੱਚ ਬੋਲੇ ਸ਼ਬਦ ਅਸੰਬਲੀ ਤੋਂ ਬਾਹਰ ਨਾ ਕਹੇ। ਇਸ ਲਈ ਭਾਰਤੀ ਕਮਿਊਨਿਟੀ ਵਲੋਂ ਉਸ ਉੱਤੇ ਹਤਕ-ਇੱਜ਼ਤ ਦਾ ਮੁਕੱਦਮਾ ਕਰਨ ਤੱਕ ਦੀ ਵੀ ਨੌਬਤ ਨਾ ਪਹੁੰਚੀ।

ਭਾਰਤੀ ਕਮਿਊਨਿਟੀ ਵਲੋਂ ਵੋਟ ਦੇ ਹੱਕ ਲਈ ਜੱਦੋ-ਜਹਿਦ ਚਲਦੀ ਗਈ ਅਤੇ ਬੀ. ਸੀ. ਦੀ ਲਿਬਰਲ ਸਰਕਾਰ ਭਾਰਤੀ-ਕਨੇਡੀਅਨਾਂ ਨੂੰ ਇਹ ਹੱਕ ਨਾ ਦੇਣ ਲਈ ਨਵੇਂ ਨਵੇਂ ਬਹਾਨੇ ਲੱਭਦੀ ਰਹੀ। ਦਸੰਬਰ 1944 ਵਿੱਚ, ਜਦੋਂ ਭਾਰਤੀ-ਕਨੇਡੀਅਨ ਕਮਿਊਨਿਟੀ ਅਗਲੇ ਸਾਲ ਆਉਣ ਵਾਲੇ ਬੀ. ਸੀ. ਦੀ ਅਸੰਬਲੀ ਦੇ ਸੈਸ਼ਨ ਵਿੱਚ ਆਪਣੇ ਵੋਟ ਦੇ ਸਵਾਲ ਨੂੰ ਫਿਰ ਖੜਾ ਕਰਨ ਲਈ ਤਿਆਰੀ ਕਰ ਰਹੀ ਸੀ, ਉਦੋਂ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਬੀ. ਸੀ. ਦੇ ਅਟਾਰਨੀ ਜਨਰਲ ਆਰ. ਐਲ. ਮੇਟਲੈਂਡ ਨੂੰ ਮਿਲਿਆ। ਡੈਲੀਗੇਸ਼ਨ ਨੂੰ ਮਿਲਣ ਬਾਅਦ ਅਟਾਰਨੀ ਜਨਰਲ ਮੇਟਲੈਂਡ ਨੇ ਇਸ ਸੰਬੰਧ ਵਿੱਚ ਹੇਠਲਾ ਬਿਆਨ ਦਿੱਤਾ:

> ... ਓਰੀਐਂਟਲ ਲੋਕਾਂ ਨੂੰ ਵੋਟ ਦੇ ਹੱਕ ਦਾ ਸਵਾਲ ਇਸ ਸੂਬੇ ਵਿੱਚ 50 ਸਾਲ ਤੋਂ ਨਜਿੱਠਿਆ ਅਤੇ ਸਵੀਕਾਰ ਕੀਤਾ ਜਾ ਚੁੱਕਾ ਹੈ। ਈਸਟ ਇੰਡੀਅਨ ਹੁਣ ਇਕ ਅਜਿਹੀ ਦਲੀਲ ਦੇ ਰਹੇ ਹਨ ਜੋ ਪਿਛਲੇ ਸਮੇਂ ਨਾਲੋਂ ਵੱਖਰੀ ਹੈ। ਪਰ ਮੈਂ ਨਹੀਂ ਸਮਝਦਾ ਕਿ ਅੱਜ ਜਦੋਂ ਸਾਡੇ 50,000 ਨੌਜਵਾਨ ਦੂਰ ਜੰਗ ਲੜ ਰਹੇ ਹਨ ਅਤੇ ਉਹਨਾਂ ਤੋਂ ਪੁੱਛੇ ਬਿਨਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਬਾਰੇ ਸੋਚਣ ਲਈ ਇਹ ਸਮਾਂ ਠੀਕ ਹੈ। ਉਹਨਾਂ ਨੇ ਭਵਿੱਖ ਵਿੱਚ ਜਿਉਣਾ ਹੈ ਅਤੇ ਇਸ ਲਈ ਇਸ ਮੁਲਕ ਦੀ ਸਿਆਸਤ ਅਤੇ ਵਿਚਾਰਧਾਰਾ ਵਿੱਚ ਕਿਸੇ ਵੀ ਤਰ੍ਹਾਂ ਦੀ ਵੱਡੀ ਤਬਦੀਲੀ ਕਰਨ ਤੋਂ ਪਹਿਲਾਂ ਉਹਨਾਂ ਨੂੰ ਵਿਚਾਰ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।[39]

ਅਟਾਰਨੀ ਜਨਰਲ ਦੀ ਇਹ ਬਹਾਨੇਬਾਜੀ ਕਨੇਡੀਅਨ ਭਾਰਤੀ



ਕਮਿਊਨਿਟੀ ਲਈ ਹੈਰਾਨੀ ਭਰੀ ਅਤੇ ਠੇਸ ਪਹੁੰਚਾਉਣ ਵਾਲੀ ਗੱਲ ਸੀ। ਇਸ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਭਾਰਤੀ ਕਮਿਊਨਿਟੀ ਦੇ ਇਕ ਬੁਲਾਰੇ ਨੇ ਕਿਹਾ ਕਿ ਅਟਾਰਨੀ ਜਨਰਲ ਦਾ ਇਹ ਬਿਆਨ ਲੜਾਈ ਵਿੱਚ ਸਾਡੇ ਲੋਕਾਂ ਦੀ ਬਹਾਦਰੀ ਭਰੀ ਕਾਰਗੁਜ਼ਾਰੀ ਦੀ ਹਤਕ ਹੈ।[40] ਭਾਰਤੀ ਲੋਕ ਸੋਚਦੇ ਸਨ ਕਿ ਅਟਾਰਨੀ ਜਨਰਲ ਮੇਟਲੈਂਡ ਦਾ ਬਿਆਨ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਦੇ ਖਿਲਾਫ ਸੀ। ਵਿਕਟੋਰੀਆ ਡੇਲੀ ਟਾਈਮਜ਼ ਵਿੱਚ ਲਿਖੇ ਇਕ ਖਤ ਵਿੱਚ ਦਰਸ਼ਨ ਸਿੰਘ ਸੰਘਾ (ਕਨੇਡੀਅਨ) ਨੇ ਅਟਾਰਨੀ ਜਨਰਲ ਮੇਟਲੈਂਡ ਦੇ ਬਿਆਨ ਬਾਰੇ ਇਹ ਟਿੱਪਣੀ ਕੀਤੀ: "ਮਿਸਟਰ ਮੇਟਲੈਂਡ ਦਾਅਵਾ ਕਰਦਾ ਹੈ ਕਿ ਈਸਟ ਇੰਡੀਅਨਾਂ ਨੂੰ ਵੋਟ ਦਾ ਹੱਕ ਦੇਣਾ ਸਮੁੰਦਰੋਂ ਪਾਰ ਗਏ ਨੌਜਵਾਨ ਮਨਜ਼ੂਰ ਨਹੀਂ ਕਰਨਗੇ। ਉਹ ਨੌਜਵਾਨ ਯੂਰਪ ਦੇ ਲੋਕਾਂ ਨੂੰ ਉਹੀ ਆਜ਼ਾਦੀ ਪ੍ਰਦਾਨ ਕਰਨ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ ਜਿਹੜੀ ਆਜ਼ਾਦੀ ਈਸਟ ਇੰਡੀਅਨ ਇਥੇ ਮੰਗਦੇ ਹਨ। ਦਾਨ ਵਾਂਗ ਹੀ, ਆਜ਼ਾਦੀ ਘਰੋਂ ਸ਼ੁਰੂ ਹੁੰਦੀ ਹੈ। ਉਹਨਾਂ ਲੋਕਾਂ, ਜੋ ਕਾਮਨਵੈਲਥ ਦਾ ਹਿੱਸਾ ਹਨ, ਨੂੰ ਲੋਕਤੰਤਰ ਦੇ ਅਧਿਕਾਰ ਦੇਣ ਨਾਲ ਕਨੇਡੀਅਨ ਲੋਕਤੰਤਰ ਘਟੇਗਾ ਨਹੀਂ ਸਗੋਂ ਵਧੇਗਾ ਹੀ।"[41]

ਇਸ ਦੇ ਨਾਲ ਨਾਲ ਭਾਰਤੀ ਕਮਿਊਨਿਟੀ ਨੂੰ ਯਕੀਨ ਸੀ ਕਿ ਕਨੇਡਾ ਦੇ ਬਹੁਗਿਣਤੀ ਫੌਜੀ ਅਤੇ ਆਮ ਲੋਕ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਸਨ। ਉਹਨਾਂ ਦੇ ਇਸ ਵਿਚਾਰ ਦੀ ਪੁਸ਼ਟੀ ਜੇ. ਈ. ਬੁਆਇਡ ਨਾਂ ਦੇ ਇਕ ਵਿਅਕਤੀ ਵਲੋਂ ਵੈਨਕੂਵਰ ਨਿਊਜ਼ ਹੈਰਲਡ ਵਿੱਚ ਛਪੇ ਹੇਠਲੇ ਖਤ ਵਿੱਚ ਦੇਖੀ ਜਾ ਸਕਦੀ ਹੈ। ਜੇ. ਈ. ਬੁਆਇਡ ਲਿਖਦਾ ਹੈ:

> ਯੂਰਪ ਲਈ ਰਵਾਨਾ ਹੋਣ ਤੋਂ ਪਹਿਲਾਂ ਮੇਰੇ ਪੁੱਤਰ ਦੇ ਆਖਰੀ ਸ਼ਬਦ ਸਨ, 'ਡੈਡ! ਫਿਕਰ ਨਾ ਕਰ, ਮੈਂ ਉਹ ਲੜਾਈ ਲੜ ਰਿਹਾ ਹਾਂ ਜਿਸਦਾ ਕੁੱਝ ਮਤਲਬ ਹੈ।' ਮੈਂ ਦੂਜਿਆਂ ਮਾਪਿਆਂ, ਜਿਹਨਾਂ ਦੇ ਪੁੱਤਰ ਫਾਸ਼ੀਵਾਦ ਨੂੰ ਖਤਮ ਕਰਨ ਲਈ ਜੰਗ ਦੇ ਹਰ ਮੈਦਾਨ ਵਿੱਚ ਆਪਣੀਆਂ ਜਾਨਾਂ ਵਾਰ ਰਹੇ ਹਨ, ਨਾਲ ਉਮੀਦ ਕਰਦਾ ਹਾਂ ਕਿ ਉਹਨਾਂ ਨੂੰ (ਜੰਗ ਵਿੱਚ ਲੜ ਰਹੇ ਪੁੱਤਰਾਂ ਨੂੰ) ਅਟਾਰਨੀ ਜਨਰਲ ਮੇਟਲੈਂਡ ਦਾ ਕੋਰਾ ਇਨਕਾਰ

ਸੁਣਾਈ ਨਹੀਂ ਦੇਵੇਗਾ ਜਿਸ ਵਿੱਚ ਉਹ ਈਸਟ ਇੰਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ।

ਸਾਡੀਆਂ ਫੌਜਾਂ ਨੂੰ ਦੱਸਿਆ ਗਿਆ ਹੈ ਕਿ ਉਹ ਚਾਰ-ਆਜ਼ਾਦੀਆਂ ਲਈ ਲੜ ਰਹੀਆਂ ਹਨ। ਕੀ ਇਹ ਜਾਣ ਕੇ ਕਿ ਇਕ ਸਰਕਾਰੀ ਅਧਿਕਾਰੀ ਉਹਨਾਂ ਦੀਆਂ ਕੁਰਬਾਨੀਆਂ ਨੂੰ ਰੱਦ ਕਰ ਰਿਹਾ, ਉਹਨਾਂ ਦੇ ਮਨੋਬਲ ਉੱਤੇ ਅਸਰ ਨਹੀਂ ਪਵੇਗਾ।...

ਨਸਲੀ ਨਫਰਤ, ਫਾਸ਼ੀਵਾਦ ਦੀ ਜ਼ਹਿਰੀ ਆਤਮਾ ਹੈ ਜਿਸਤੋਂ ਬਿਨਾਂ ਫਾਸ਼ੀਵਾਦ ਦੇ ਨਿਸ਼ਾਨਿਆਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਅਤੇ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਨਾਜ਼ੀਆਂ ਵਰਗੇ ਜ਼ਹਿਰੀ ਦੰਦਾਂ ਨੂੰ ਭੰਨ ਸਕੀਏ ਜਿਹੜੇ ਸਾਡੀ ਕੌਮੀ ਏਕਤਾ ਨੂੰ ਦੂਸ਼ਿਤ ਕਰ ਰਹੇ ਹਨ।

ਅਸਾਂਵੇਂ ਮੌਕਿਆਂ ਦੇ ਬਾਵਜੂਦ ਵੀ ਬੀ. ਸੀ. ਨੂੰ ਉਸਾਰਨ ਅਤੇ ਜੰਗ ਵਿੱਚ ਮਦਦ ਕਰਨ ਦੇ ਸ਼ਾਨਦਾਰ ਰੀਕਾਰਡ ਦੇ ਆਧਾਰ ਉੱਤੇ ਹੁਣ ਈਸਟ ਇੰਡੀਅਨ ਵੋਟ ਦੇ ਹੱਕਦਾਰ ਹਨ। ਆਉ! ਉਹਨਾਂ ਵੱਲ ਮਦਦ ਭਰਿਆ ਦੋਸਤਾਨਾ ਹੱਥ ਵਧਾਈਏ।[42]

ਉਸ ਸਮੇਂ ਬੀ. ਸੀ. ਦੇ ਬਹੁਗਿਣਤੀ ਲੋਕਾਂ ਵਿੱਚ ਕਨੇਡੀਅਨ-ਭਾਰਤੀ ਲੋਕਾਂ ਦੇ ਵੋਟ ਦੇ ਹੱਕ ਲਈ ਕਿੰਨੀ ਵੱਧ ਹਿਮਾਇਤ ਸੀ, ਇਹ ਦੇਖਣ ਲਈ ਬੀ. ਸੀ. ਦੀ ਟਰੇਡ ਯੂਨੀਅਨ ਲਹਿਰ ਵਲੋਂ ਇਸ ਜੱਦੋ-ਜਹਿਦ ਵਿੱਚ ਪਾਏ ਯੋਗਦਾਨ ਨੂੰ ਦੇਖਿਆ ਜਾ ਸਕਦਾ ਹੈ। ਇਹ ਸੱਚ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ ਦੇ ਪਹਿਲੇ ਦੋ ਤਿੰਨ ਦਹਾਕਿਆਂ ਦੌਰਾਨ ਵਿੱਚ ਬੀ. ਸੀ. ਅਤੇ ਕਨੇਡਾ ਦੇ ਮਜ਼ਦੂਰ ਭਾਰਤੀਆਂ ਦੇ ਕਨੇਡਾ ਵਿੱਚ ਆਉਣ ਦੇ ਹੱਕ ਵਿੱਚ ਨਹੀਂ ਸਨ। ਪਰ 1940ਵਿਆਂ ਵਿੱਚ ਹਾਲਾਤ ਬਦਲ ਚੁੱਕੇ ਸਨ। ਇਸ ਦਹਾਕੇ ਦੌਰਾਨ ਬੀ. ਸੀ. ਦੀ ਮਜ਼ਦੂਰ ਲਹਿਰ ਨੇ ਭਾਰਤੀਆਂ ਵਲੋਂ ਵੋਟ ਦੇ ਹੱਕ ਲਈ ਲੜੀ ਜਾਂਦੀ ਜੱਦੋ-ਜਹਿਦ ਵਿੱਚ ਵਧ ਚੜ੍ਹ ਕੇ ਸਾਥ ਦਿੱਤਾ। ਏਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵੋਟ ਦੇ ਹੱਕ ਵਾਸਤੇ ਲੜੇ ਗਏ ਘੋਲ ਬਾਰੇ ਹੁਣ ਤੱਕ ਲਿਖੇ ਗਏ ਇਤਿਹਾਸ ਵਿੱਚ ਮਜ਼ਦੂਰ ਲਹਿਰ ਵਲੋਂ ਪਾਏ ਗਏ ਯੋਗਦਾਨ



ਨੂੰ ਇਸਦਾ ਬਣਦਾ ਸਥਾਨ ਨਹੀਂ ਦਿੱਤਾ ਗਿਆ। ਉਦਾਹਰਣ ਵਜੋਂ, ਖਾਲਸਾ ਦੀਵਾਨ ਸੁਸਾਇਟੀ ਦੀ ਆਪਣੀ ਰੀਪੋਰਟ, ਜਿਸਦੀ ਉੱਪਰ ਗੱਲ ਕੀਤੀ ਗਈ ਹੈ, ਵਿੱਚ ਮਜ਼ਦੂਰ ਲਹਿਰ ਅਤੇ ਉਸਦੇ ਨੁਮਾਇੰਦਿਆਂ ਵਲੋਂ ਪਾਏ ਵੱਡਮੁੱਲੇ ਯੋਗਦਾਨ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ।

ਇੰਟਰਨੈਸ਼ਨਲ ਵੁੱਡ ਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.) ਦੇ ਨੰਬਰ 1 ਡਿਸਟ੍ਰਿਕਟ ਦਾ ਪ੍ਰੈਜ਼ੀਡੈਂਟ ਹੈਰੋਲਡ ਪਰਿਚਟ ਭਾਰਤੀ ਕਮਿਊਨਿਟੀ ਦੀ ਇਸ ਜੱਦੋ-ਜਹਿਦ ਵਿੱਚ ਪੂਰੀ ਤਰ੍ਹਾਂ ਸਰਗਰਮ ਸੀ। ਭਾਰਤੀ ਕਮਿਊਨਿਟੀ ਵਲੋਂ ਵੋਟ ਦੇ ਹੱਕ ਸੰਬੰਧੀ ਬੀ. ਸੀ. ਦੀ ਸਰਕਾਰ ਨੂੰ ਮਿਲਣ ਵਾਲੇ ਕਈ ਡੈਲੀਗੇਸ਼ਨਾਂ ਵਿੱਚ ਉਹ ਇਕ ਮੈਂਬਰ ਵੱਜੋਂ ਸ਼ਾਮਲ ਸੀ। ਮਾਰਚ 1944 ਵਿੱਚ ਜਦੋਂ ਬੀ. ਸੀ. ਦੇ ਲੇਬਰ ਮਨਿਸਟਰ ਨੇ ਅਸੰਬਲੀ ਵਿੱਚ ਭਾਰਤੀਆਂ ਦੇ ਵੋਟ ਦੇ ਹੱਕ ਬਾਰੇ ਬੋਲਦਿਆਂ ਉੱਪਰ ਦੱਸੇ ਨਾਂਹ-ਪੱਖੀ ਸ਼ਬਦ ਵਰਤੇ ਤਾਂ ਆਈ. ਡਬਲਿਊ. ਏ. ਨੇ ਉਸਦੀ ਨਿਖੇਧੀ ਕੀਤੀ ਅਤੇ ਮਨਿਸਟਰ ਨੂੰ ਉਹ ਸ਼ਬਦ ਵਾਪਸ ਲੈਣ ਲਈ ਕਿਹਾ।[43] ਫਿਰ 1944 ਦੇ ਨਵੰਬਰ ਮਹੀਨੇ ਵਿੱਚ ਆਈ. ਡਬਲਿਊ. ਏ. ਦਾ ਪ੍ਰੈਜ਼ੀਡੈਂਟ ਹੈਰੋਲਡ ਪਰਿਚਟ ਵੈਨਕੂਵਰ ਦੇ ਗੁਰਦੁਵਾਰੇ ਆ ਕੇ ਬੋਲਿਆ। ਆਪਣੀ ਗੱਲਬਾਤ ਵਿੱਚ ਉਸਨੇ ਕਨੇਡੀਅਨ-ਭਾਰਤੀਆਂ ਨੂੰ ਯਕੀਨ ਦਿਵਾਇਆ ਕਿ "ਵੋਟ ਦਾ ਹੱਕ ਲੈਣ ਲਈ ਲੜ ਰਹੇ ਭਾਰਤੀਆਂ ਨੂੰ ਪੂਰੀ ਮਜ਼ਦੂਰ ਲਹਿਰ ਦੀ ਹਿਮਾਇਤ ਹਾਸਲ ਸੀ।"[44]

ਆਈ. ਡਬਲਿਊ. ਏ. ਤੋਂ ਬਿਨਾਂ ਬੀ. ਸੀ. ਦੀਆਂ ਦੂਜੀਆਂ ਬਹੁਗਿਣਤੀ ਯੂਨੀਅਨਾਂ ਵੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਮਿਲਣ ਦੇ ਹੱਕ ਵਿੱਚ ਸਨ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਮਾਰਚ 1945 ਵਿੱਚ ਬੀ. ਸੀ. ਦੀ ਅਸੰਬਲੀ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਇਕ ਬਿਲ ਪੇਸ਼ ਕੀਤਾ ਗਿਆ ਸੀ। ਜੇ ਅਸੀਂ ਇਸ ਬਿਲ ਦੇ ਪੇਸ਼ ਹੋਣ ਤੋਂ ਪਹਿਲਾਂ ਦੇ ਕੁੱਝ ਹਫਤਿਆਂ ਦੀਆਂ ਅਖਬਾਰਾਂ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਤਕਰੀਬਨ ਤਕਰੀਬਨ ਹਰ ਹਫਤੇ ਬੀ. ਸੀ. ਦੀ ਕਿਸੇ ਨਾ ਕਿਸੇ ਯੂਨੀਅਨ ਵਲੋਂ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਵਿੱਚ ਬਿਆਨ ਦਿੱਤਾ ਜਾਂਦਾ ਜਾਂ ਮਤਾ

ਪਾਸ ਕੀਤਾ ਜਾਂਦਾ ਸੀ। ਇਸ ਸਮੇਂ ਦੌਰਾਨ ਹੇਠ ਲਿਖੀਆਂ ਯੂਨੀਅਨਾਂ ਭਾਰਤੀ-ਕਨੇਡੀਅਨਾਂ ਦੀ ਹਿਮਾਇਤ ਵਿੱਚ ਆਈਆਂ: ਆਈ. ਡਬਲਿਊ. ਏ.; ਦੀ ਡਾਕ ਐਂਡ ਸ਼ਿੱਪਯਾਰਡ ਵਰਕਰਜ਼ ਯੂਨੀਅਨ (ਸੀ ਸੀ ਐਲ); ਸਿਵਕ ਇੰਪਲਾਈਜ਼ ਯੂਨੀਅਨ; ਨੈਸ਼ਨਲ ਯੂਨੀਅਨ ਆਫ ਅਪਰੇਟਿੰਗ ਇੰਜਨੀਅਰਜ਼, ਲੋਕਲ ਨੰਬਰ 3; ਦੀ ਯੂਨਾਈਟਡ ਓਇਲ ਵਰਕਰਜ਼ ਯੂਨੀਅਨ, ਲੋਕਲ ਨੰਬਰ 1, ਆਈ. ਡਬਲਿਊ. ਏ., ਮਿਸ਼ਨ ਲੋਕਲ; ਯੂਨਾਈਟਿਡ ਬ੍ਰਦਰਹੁੱਡ ਆਫ ਕਾਰਪੈਂਟਰਜ਼ ਐਂਡ ਜੁਆਇਨਰਜ਼ (ਏ. ਐਫ. ਐਲ), ਲੋਕਲ 452; ਮਾਈਨ ਮਿੱਲ ਐਂਡ ਸਮੈਲਟਰਜ਼ ਵਰਕਰਜ਼, ਲੋਕਲ 693; ਨੈਸ਼ਨਲ ਯੂਨੀਅਨ ਆਫ ਮਸ਼ੀਨਿਸਟ ਫਿਲਟਰਜ਼ ਐਂਡ ਹੈਲਪਰਜ਼, ਲੋਕਲ ਨੰਬਰ 1; ਲਾਜ 692, ਮਸ਼ੀਨਿਸਟ ਯੂਨੀਅਨ ਵੈਨਕੂਵਰ; ਪਾਈਲ ਡਰਾਈਵਰਜ਼ ਯੂਨੀਅਨ, ਲੋਕਲ 2404 ਆਦਿ।

ਇਸ ਸਮੇਂ ਦੌਰਾਨ, ਪਹਿਲੇ ਸਾਲਾਂ ਦੇ ਉਲਟ, ਬੀ. ਸੀ. ਦੀ ਮਜ਼ਦੂਰ ਲਹਿਰ ਵਲੋਂ ਕਨੇਡੀਅਨ ਭਾਰਤੀਆਂ ਦੇ ਵੋਟ ਦੇ ਹੱਕ ਲਈ ਇਸ ਤਰ੍ਹਾਂ ਦੀ ਹਿਮਾਇਤ ਦੇ ਕਈ ਕਾਰਨ ਸਨ। ਸਭ ਤੋਂ ਪਹਿਲਾਂ ਤਾਂ ਦੂਜੀ ਸੰਸਾਰ ਜੰਗ ਲੱਗੀ ਹੋਣ ਕਾਰਨ ਬੀ. ਸੀ. ਦੀ ਆਰਥਿਕਤਾ ਵਿੱਚ ਕਾਫੀ ਅਤੇਜ਼ੀ ਸੀ। ਇਸ ਲਈ ਬੀ. ਸੀ. ਦੇ ਮਜ਼ਦੂਰ ਆਪਣੀਆਂ ਨੌਕਰੀਆਂ ਲਈ ਭਾਰਤੀ ਮਜ਼ਦੂਰਾਂ ਨੂੰ ਕੋਈ ਖਤਰਾ ਨਹੀਂ ਸਮਝਦੇ ਸਨ। ਨੰਬਰ ਦੋ, ਅੰਤਰਰਾਸ਼ਟਰੀ ਮਜ਼ਦੂਰ ਲਹਿਰ ਦੇ ਪ੍ਰਭਾਵ ਹੇਠ ਵੱਖ ਵੱਖ ਕੌਮਾਂ ਦੇ ਮਜ਼ਦੂਰਾਂ ਅੰਦਰ ਭਰਾਤਰੀ ਭਾਵਨਾ ਪੈਦਾ ਹੋ ਚੁੱਕੀ ਸੀ। ਨੰਬਰ ਤਿੰਨ, ਭਾਰਤੀਆਂ ਨੂੰ ਕਨੇਡਾ ਵਿੱਚ ਰਹਿੰਦਿਆਂ ਚਾਰ ਦਹਾਕਿਆਂ ਦੇ ਨੇੜੇ ਹੋ ਚੁੱਕੇ ਸਨ ਅਤੇ ਇਸ ਸਮੇਂ ਦੌਰਾਨ ਉਹ ਇਥੋਂ ਦੇ ਗੋਰੇ ਲੋਕਾਂ ਨਾਲ ਸੰਬੰਧ ਸਥਾਪਤ ਕਰਨ ਵਿੱਚ ਕਾਮਯਾਬ ਹੋ ਚੁੱਕੇ ਸਨ। ਨੰਬਰ ਚਾਰ, ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਭਾਰਤੀ ਕਮਿਊਨਿਟੀ ਨੇ ਸੁਚੇਤ ਫੈਸਲਾ ਕੀਤਾ ਸੀ ਕਿ ਵੋਟ ਦੇ ਹੱਕ ਦੀ ਇਸ ਲੜਾਈ ਵਿੱਚ ਬਹੁਗਿਣਤੀ ਕਮਿਊਨਿਟੀ ਅਤੇ ਬੀ. ਸੀ. ਦੀ ਮਜ਼ਦੂਰ ਲਹਿਰ ਦੀ ਮਦਦ ਲੈਣੀ ਹੈ। ਨੰਬਰ ਪੰਜ, ਭਾਰਤੀ ਕਮਿਊਨਿਟੀ ਬੀ. ਸੀ. ਦੀ ਮਜ਼ਦੂਰ ਲਹਿਰ



ਦੀ ਮਦਦ ਲੈਣ ਵਿੱਚ ਇਸ ਲਈ ਕਾਮਯਾਬ ਹੋਈ ਕਿਉਂਕਿ ਉਸ ਸਮੇਂ ਦਰਸ਼ਨ ਸਿੰਘ ਸੰਘਾ (ਕਨੇਡੀਅਨ) ਆਈ. ਡਬਲਿਊ. ਏ. ਨੂੰ ਜਥੇਬੰਦ ਕਰਨ ਲਈ ਬੜੀ ਸਰਗਰਮੀ ਨਾਲ ਕੰਮ ਕਰ ਰਿਹਾ ਸੀ।

ਭਾਰਤੀ ਕਮਿਊਨਿਟੀ ਦੇ ਹੱਕ ਵਿੱਚ ਏਨੀ ਹਿਮਾਇਤ ਹੁੰਦੇ ਹੋਏ ਵੀ ਬੀ. ਸੀ. ਦੀ ਸਰਕਾਰ ਭਾਰਤੀ ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਲਈ ਤਿਆਰ ਨਹੀਂ ਸੀ। ਪਰ ਬੀ. ਸੀ. ਦੇ ਬਹੁਗਿਣਤੀ ਲੋਕਾਂ ਵਿੱਚ ਭਾਰਤੀਆਂ ਲਈ ਹਿਮਾਇਤ ਹੋਣ ਦਾ ਇਹ ਅਸਰ ਹੋਇਆ ਕਿ ਬੇਸ਼ੱਕ 1945 ਵਿੱਚ ਬੀ. ਸੀ. ਅਸੰਬਲੀ ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਲਈ ਪੇਸ਼ ਕੀਤੇ ਬਿਲ ਦੀ ਚਾਰ ਵੋਟਾਂ ਦੇ ਫਰਕ ਨਾਲ ਹਾਰ ਹੋਈ ਪਰ ਇਸ ਵਾਰ ਸਰਕਾਰੀ ਪਾਰਟੀ ਦੇ ਕੁੱਝ ਮੈਂਬਰਾਂ ਨੇ ਵੀ ਬਿਲ ਦੇ ਹੱਕ ਵਿੱਚ ਵੋਟ ਪਾਏ।

ਮਾਰਚ 1945 ਦੇ ਅਸੰਬਲੀ ਸੈਸ਼ਨ ਵਿੱਚ ਹੋਈ ਹਾਰ ਨਾਲ ਭਾਰਤੀ ਕਮਿਊਨਿਟੀ ਨੂੰ ਦੁੱਖ ਤਾਂ ਜ਼ਰੂਰ ਹੋਇਆ ਪਰ ਉਹ ਇਸ ਨਾਲ ਨਿਰਉਤਸ਼ਾਹ ਨਹੀਂ ਹੋਈ। ਅਗਲੇ ਅਸੰਬਲੀ ਸੈਸ਼ਨ ਵਿੱਚ ਜਿੱਤ ਹਾਸਲ ਕਰਨ ਦੇ ਇਰਾਦੇ ਨਾਲ ਭਾਰਤੀ ਕਮਿਊਨਿਟੀ ਇਸ ਜੱਦੋ-ਜਹਿਦ ਵਿੱਚ ਇਕ ਵਾਰ ਫਿਰ ਜੁੱਟ ਗਈ। ਦਸੰਬਰ 1945 ਵਿੱਚ ਬੀ. ਸੀ. ਦੀਆਂ ਅਸੰਬਲੀ ਇਲੈਕਸ਼ਨਾਂ ਹੋਣੀਆਂ ਨਿਯਤ ਹੋਈਆਂ। ਅਕਤੂਬਰ 1945 ਵਿੱਚ ਖਾਲਸਾ ਦੀਵਾਨ ਸੁਸਾਇਟੀ ਵਲੋਂ ਇਲੈਕਸ਼ਨ ਵਿੱਚ ਹਿੱਸਾ ਲੈਣ ਵਾਲੇ ਹਰ ਉਮੀਦਵਾਰ ਨੂੰ ਇਕ ਪੱਤਰ (ਸਰਕੂਲਰ) ਭੇਜਿਆ ਗਿਆ। ਇਸ ਪੱਤਰ ਵਿੱਚ ਲਿਖਿਆ ਸੀ: "ਹਿਟਲਰ ਦੇ ਫਾਸ਼ੀਵਾਦ ਅਤੇ ਜਾਪਾਨ ਦੇ ਹਮਲਾਆਵਾਰੀ ਰਵੱਈਏ ਉੱਪਰ ਜਿੱਤ ਪ੍ਰਾਪਤ ਕਰਕੇ ਲੜਾਈ ਦੇ ਖਾਤਮੇ ਨਾਲ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਰੇ ਕਨੇਡਾ ਵਾਸੀਆਂ ਜੋ ਬ੍ਰਿਟਿਸ਼ ਸਬਜੈਕਟਸ ਹਨ ਅਤੇ ਈਸਟ ਇੰਡੀਅਨਾਂ ਨੂੰ ਦੂਜਿਆਂ ਦੇ ਬਰਾਬਰ ਲੋਕਤੰਤਰਿਕ ਅਧਿਕਾਰ ਮਿਲਣੇ ਚਾਹੀਦੇ ਹਨ।"[45]

ਦਸੰਬਰ 1945 ਦੀ ਬੀ. ਸੀ. ਦੀ ਇਲੈਕਸ਼ਨ ਵਿੱਚ ਲਿਬਰਲ-ਕੰਜ਼ਰਵੇਟਿਵ ਕੁਲੀਸ਼ਨ ਦੀ ਜਿੱਤ ਹੋਈ। ਇਲੈਕਸ਼ਨ ਤੋਂ ਛੇਤੀਂ ਬਾਅਦ ਆਪਣੇ ਪਹਿਲੇ ਸੈਸ਼ਨ ਦੌਰਾਨ 11 ਮਾਰਚ 1946 ਨੂੰ ਅਸੰਬਲੀ ਨੇ ਬੀ. ਸੀ. ਇਲੈਕਸ਼ਨ ਐਕਟ ਨੂੰ ਰੀਵੀਊ ਕਰਨ ਲਈ ਸਰਬ ਪਾਰਟੀ

ਇਲੈਕਸ਼ਨ ਕਮੇਟੀ ਬਣਾ ਦਿੱਤੀ। ਆਪਣੀਆ ਪਬਲਿਕ ਸੁਣਵਾਈਆਂ ਲਈ ਇਹ ਕਮੇਟੀ 31 ਅਕਤੂਬਰ 1946 ਨੂੰ ਵੈਨਕੂਵਰ ਆਈ। 1 ਨਵੰਬਰ 1946 ਨੂੰ ਭਾਰਤੀ ਕਨੇਡੀਅਨ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਇਸ ਕਮੇਟੀ ਸਾਹਮਣੇ ਪੇਸ਼ ਹੋਇਆ।[46] ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਕਪੂਰ ਸਿੰਘ, ਕਰਤਾਰ ਸਿੰਘ, ਮਿਉ ਸਿੰਘ, ਈਸ਼ਰ ਸਿੰਘ, ਗੁਰਦਿੱਤ ਸਿੰਘ, ਨਗਿੰਦਰ ਸਿੰਘ ਅਤੇ ਡਾ: ਪਾਂਡੀਆ।[47] ਡੈਲੀਗੇਸ਼ਨ ਵਲੋਂ ਡਾ: ਪਾਂਡੀਆ ਨੇ ਕਮੇਟੀ ਅੱਗੇ ਬਰੀਫ ਪੇਸ਼ ਕੀਤਾ। ਪਹਿਲੀ ਨਵੰਬਰ 1946 ਨੂੰ ਹੀ ਵੈਨਕੂਵਰ ਤੋਂ ਛਪਦੇ ਅਖਬਾਰ ਵੈਨਕੂਵਰ ਨਿਊਜ਼ ਹਰਲਡ ਨੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਮਿਲਣ ਦੇ ਹੱਕ ਵਿੱਚ ਸੰਪਾਦਕੀ ਲਿਖਿਆ।

ਵੈਨਕੂਵਰ ਵਿੱਚ ਸਰਬ ਪਾਰਟੀ ਇਲੈਕਸ਼ਨ ਕਮੇਟੀ ਸਾਹਮਣੇ 12 ਜਥੇਬੰਦੀਆਂ ਨੇ ਬਰੀਫ ਪੇਸ਼ ਕੀਤੇ ਜਿਹਨਾਂ ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਹਿਮਾਇਤ ਕੀਤੀ ਗਈ ਸੀ। ਸਿਰਫ ਇਕ ਜਥੇਬੰਦੀ (ਤੇਰਵੀਂ) ਅਜਿਹੀ ਸੀ ਜਿਸਨੇ ਓਰੀਐਂਟਲ ਲੋਕਾਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਵਿਰੋਧਤਾ ਕੀਤੀ ਸੀ।[48] ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਦੀ ਇਸ ਤਰ੍ਹਾਂ ਦੀ ਹਿਮਾਇਤ ਦੇਖਦਿਆ ਸਰਬ ਭਾਰਤੀ ਇਲੈਕਸ਼ਨ ਕਮੇਟੀ ਨੇ 7 ਨਵੰਬਰ 1946 ਨੂੰ ਪੇਸ਼ ਕੀਤੀਆਂ ਆਪਣੀਆਂ ਸਿਫਾਰਿਸ਼ਾਂ ਵਿੱਚ ਭਾਰਤੀਆਂ, ਜਾਪਾਨੀਆਂ ਅਤੇ ਚੀਨਿਆਂ ਨੂੰ ਬੀ. ਸੀ. ਵਿੱਚ ਵੋਟ ਦਾ ਅਧਿਕਾਰ ਦੇਣ ਦੀ ਸਿਫਾਰਿਸ਼ ਕੀਤੀ।[49] ਨਤੀਜੇ ਵਜੋਂ 2 ਅਪ੍ਰੈਲ 1947 ਨੂੰ, ਬੀ. ਸੀ. ਦੀ ਅਸੰਬਲੀ ਨੇ ਬਿਲ-85 ਪਾਸ ਕੀਤਾ ਜਿਸ ਵਿੱਚ ਭਾਰਤੀ, ਜਾਪਾਨੀ ਅਤੇ ਚੀਨੇ ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ।[50]

ਬੀ. ਸੀ. ਵਿੱਚ ਵੋਟ ਦਾ ਹੱਕ ਮਿਲਣ ਨਾਲ, ਕਨੇਡਾ ਪੱਧਰ ਉੱਤੇ ਡੁਮੀਨਿਅਨ ਦੀਆਂ ਇਲੈਕਸ਼ਨਾਂ ਵਿੱਚ ਵੋਟ ਦਾ ਅਧਿਕਾਰ ਆਪਣੇ ਆਪ ਪ੍ਰਾਪਤ ਹੋ ਗਿਆ। ਪਰ ਅਜੇ ਮਿਊਂਸਪਲ ਪੱਧਰ ਉੱਤੇ ਇਹ ਅਧਿਕਾਰ ਪ੍ਰਾਪਤ ਕਰਨਾ ਬਾਕੀ ਰਹਿੰਦਾ ਸੀ। ਵੈਨਕੂਵਰ ਤੋਂ ਬਿਨਾਂ ਬੀ. ਸੀ. ਦੀਆਂ ਬਾਕੀ ਸਭ ਮਿਊਂਸਪੈਲਟੀਆਂ ਵਿੱਚ ਇਲੈਕਸ਼ਨ ਦੇ ਨਿਯਮ ਮਿਊਂਸਪਲ ਇਲੈਕਸ਼ਨ ਐਕਟ ਦੇ ਅਧੀਨ ਆਉਂਦੇ ਸਨ।



ਇਸ ਮਿਊਂਸਪਲ ਇਲੈਕਸ਼ਨ ਐਕਟ ਵਿੱਚ ਤਬਦੀਲੀ ਕਰਨ ਲਈ ਮਤਾ ਬੀ. ਸੀ. ਦੀਆਂ ਮਿਊਂਸਪੈਲਟੀਆਂ ਦੀ ਸਾਲਾਨਾ ਕਨਵੈਨਸ਼ਨ ਵਿੱਚ ਰੱਖਣਾ ਪੈਂਦਾ ਸੀ। ਵੈਨਕੂਵਰ ਦੀ ਮਿਊਂਸਪੈਲਟੀ ਦੀ ਇਲੈਕਸ਼ਨ ਦੇ ਨਿਯਮ ਲਈ ਸਿਟੀ ਦਾ ਆਪਣਾ ਚਾਰਟਰ ਸੀ। ਇਸ ਵਿੱਚ ਤਬਦੀਲੀ ਵੈਨਕੂਵਰ ਪੱਧਰ ਉੱਤੇ ਹੋ ਸਕਦੀ ਸੀ। ਬੀ. ਸੀ. ਪੱਧਰ ਉੱਤੇ ਵੋਟ ਦਾ ਹੱਕ ਮਿਲਣ ਨਾਲ ਮਿਊਂਸਪਲ ਪੱਧਰ ਉੱਤੇ ਇਹ ਹੱਕ ਲੈਣ ਲਈ ਰਾਹ ਖੁਲ੍ਹ ਗਿਆ ਸੀ। 10 ਸਤੰਬਰ 1947 ਭਾਰਤੀ ਕਮਿਊਨਿਟੀ ਦਾ ਇਕ ਡੈਲੀਗੇਸ਼ਨ ਇੰਡੀਅਨ ਪ੍ਰੋਗਰੈਸਿਵ ਸੁਸਾਇਟੀ ਦੀ ਅਗਵਾਈ ਵਿੱਚ ਪਟੀਸ਼ਨ ਲੈ ਕੇ ਵੈਨਕੂਵਰ ਸਿਟੀ ਕਾਊਂਸਲ ਅੱਗੇ ਪੇਸ਼ ਹੋਇਆ ਅਤੇ ਮਿਊਂਸਪੈਲ ਪੱਧਰ ਉੱਤੇ ਵੋਟ ਦੀ ਮੰਗ ਕੀਤੀ। ਇਸ ਡੈਲੀਗੇਸ਼ਨ ਵਿੱਚ ਸੁਰੈਣ ਸਿੰਘ, ਪਰੈਜ਼ੀਡੈਂਟ ਇੰਡੀਅਨ ਪ੍ਰੋਗਰੈਸਿਵ ਸੁਸਾਇਟੀ; ਐਚ. ਐਸ. ਗਰਚਾ, ਸੈਕਟਰੀ ਇੰਡੀਅਨ ਪ੍ਰੋਗਰੈਸਿਵ ਸੁਸਾਇਟੀ; ਨਗਿੰਦਰ ਸਿੰਘ ਗਿੱਲ; ਐਲਮੋਰ ਫਿਲਪੋਟ, ਵੈਨਕੂਵਰ ਸਨ ਦਾ ਕਾਲਮਿਸਟ ਆਦਿ ਸ਼ਾਮਲ ਸਨ।[51] ਪਰ ਉਹਨਾਂ ਦੀ ਮੰਗ ਬਾਰੇ ਵੈਨਕੂਵਰ ਦੀ ਸਿਟੀ ਕਾਊਂਸਲ ਨੇ ਕੋਈ ਫੈਸਲਾ ਨਹੀਂ ਲਿਆ। ਭਾਰਤੀ-ਕਨੇਡੀਅਨਾਂ ਦੀ ਇਸ ਮੰਗ ਬਾਰੇ ਕੋਈ ਫੈਸਲਾ ਕਰਨ ਤੋਂ ਪਹਿਲਾਂ ਵੈਨਕੂਵਰ ਦੀ ਸਿਟੀ ਕਾਊਂਸਲ ਇਸ ਸੰਬੰਧ ਵਿੱਚ ਬੀ. ਸੀ. ਦੀਆਂ ਮਿਊਸਪੈਲਟੀਆਂ ਦੀ ਯੂਨੀਅਨ ਦਾ ਫੈਸਲਾ ਉਡੀਕਣਾ ਚਾਹੁੰਦੀ ਸੀ।

16 ਸਤੰਬਰ 1947 ਨੂੰ ਬੀ. ਸੀ. ਦੀਆਂ ਮਿਊਸਪੈਲਟੀਆਂ ਦੀ ਸਾਲਾਨਾ ਕਨਵੈਨਸ਼ਨ ਹੈਰੀਸਨ ਹਾਟ ਸਪਰਿੰਗਜ਼ ਵਿਖੇ ਹੋਈ। ਇਸ ਕਨਵੈਨਸ਼ਨ ਦੌਰਾਨ ਡਾ: ਪਾਂਡੀਆ ਨੇ ਕਨਵੈਨਸ਼ਨ ਵਿੱਚ ਆਏ ਡੈਲੀਗੇਟਾਂ ਅੱਗੇ ਭਾਸ਼ਣ ਦਿੱਤਾ ਅਤੇ ਉਹਨਾਂ ਨੂੰ ਮਿਊਂਸਪਲ ਪੱਧਰ ਉੱਤੇ ਭਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਕਾਇਲ ਕਰਨ ਦਾ ਯਤਨ ਕੀਤਾ।[52] ਇਸ ਕਨਵੈਨਸ਼ਨ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦਾ ਮਤਾ ਪਾਸ ਕਰ ਦਿੱਤਾ। ਇਹ ਮਤਾ ਵੈਨਕੂਵਰ ਤੋਂ ਬਿਨਾਂ ਬੀ. ਸੀ. ਦੀਆਂ ਬਾਕੀ ਸਾਰੀਆਂ ਮਿਊਂਸਪੈਲਟੀਆਂ ਉੱਤੇ ਲਾਗੂ ਹੁੰਦਾ ਸੀ। 23 ਅਕਤੂਬਰ 1947 ਨੂੰ ਵੈਨਕੂਵਰ ਸਿਟੀ ਕਾਊਂਸਲ ਦੀ ਲੈਜਿਸਲੇਟਿਵ ਕਮੇਟੀ ਦੀ ਮੀਟਿੰਗ

ਹੋਈ। ਇਸ ਮੀਟਿੰਗ ਵਿੱਚ ਭਾਰਤੀ-ਕਨੇਡੀਅਨਾਂ ਵਲੋਂ ਡਾ: ਪਾਂਡੀਆ, ਕਪੂਰ ਸਿੰਘ, ਕਰਤਾਰ ਸਿੰਘ ਅਤੇ ਈਸ਼ਰ ਸਿੰਘ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਸਿਟੀ ਦੀ ਲੈਜਿਸਲੇਟਿਵ ਕਮੇਟੀ ਨੇ ਆਪਣੇ ਇਲੈਕਸ਼ਨ ਦੇ ਨਿਯਮਾਂ ਵਿੱਚ ਤਰਮੀਮ ਕਰਕੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇ ਦਿੱਤਾ।[53] ਇਸਦੇ ਨਾਲ ਹੀ ਭਾਰਤੀ-ਕਨੇਡੀਅਨਾਂ ਵਲੋਂ ਕਨੇਡਾ ਵਿੱਚ ਵੋਟ ਦੇ ਹੱਕ ਲੈਣ ਲਈ 40 ਸਾਲਾਂ ਤੋਂ ਲੜੀ ਜਾ ਰਹੀ ਜੱਦੋ-ਜਹਿਦ ਦੀ ਜਿੱਤ ਹੋਈ।

## ਅੰਤਿਕਾ

ਭਾਰਤੀ ਪਿਛੋਕੜ ਦੇ ਆਵਾਸੀ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਕਨੇਡੀਅਨ ਸਮਾਜ ਵਿੱਚ ਆਪਣਾ ਜੋ ਸਥਾਨ ਬਣਾ ਰਹੀਆਂ ਹਨ ਇਸ ਪਿੱਛੇ ਵੋਟ ਦਾ ਹੱਕ ਜਿੱਤਣ ਦੀ ਲੰਮੀ ਘਾਲਣਾ ਦੀ ਖਾਸ ਦੇਣ ਹੈ। ਇਹ ਗੱਲ ਸਿਆਸੀ ਖੇਤਰ ਵਿੱਚ ਤਾਂ ਬੜੀ ਸਾਫ ਹੈ ਕਿ ਜੇ ਸਾਨੂੰ ਇਹ ਹੱਕ ਨਾ ਮਿਲਦਾ ਜਾਂ ਹੋਰ ਦੇਰ ਨਾਲ ਮਿਲਦਾ ਤਾਂ ਅਸੀਂ ਇਸ ਕਨੇਡਾ ਦੀ ਸਿਆਸਤ ਵਿੱਚ ਆਪਣੀ ਧਿਰ ਉਸ ਤਰ੍ਹਾਂ ਸਥਾਪਤ ਨਾ ਕਰ ਸਕਦੇ ਜਿਵੇਂ ਹੁਣ ਵੱਖਰੀਆਂ ਵੱਖਰੀਆਂ ਪੱਧਰਾਂ ਦੀਆਂ ਸਰਕਾਰਾਂ ਵਿੱਚ ਕਰ ਸਕੇ ਹਾਂ। ਕਨੇਡਾ ਨੂੰ ਗੋਰਿਆਂ ਵਾਸਤੇ ਰਾਖਵਾਂ ਰੱਖਣ ਦੀ ਸੋਚ ਵਾਲੇ ਲੋਕਾਂ ਨੂੰ ਵੀ ਇਸ ਗੱਲ ਦਾ ਪਤਾ ਸੀ ਕਿ ਗੈਰ-ਗੋਰੇ ਕਨੇਡੀਅਨਾਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਨਾਲ ਉਨ੍ਹਾਂ ਨੂੰ ਸਿਆਸੀ ਖੇਤਰ ਵਿੱਚ ਕਾਮਯਾਬ ਹੋਣ ਤੋਂ ਰੋਕਣਾ ਸੰਭਵ ਨਹੀਂ ਸੀ। ਵੈਨਕੂਵਰ ਸਨ ਵਲੋਂ 1944 ਵਿੱਚ ਲਿਖੇ ਸੰਪਾਦਕੀ ਤੋਂ ਇਹ ਤੌਖਲਾ ਪੂਰੀ ਤਰ੍ਹਾਂ ਜ਼ਾਹਰ ਹੋ ਜਾਂਦਾ ਹੈ: "ਸਾਡੀ ਵਸੋਂ ਦਾ ਅੱਠ ਪ੍ਰਤੀਸ਼ੱਤ ਹਿੱਸਾ ਓਰੀਐਂਟਲ ਲੋਕਾਂ ਦਾ ਹੈ। ਜੇ ਉਨ੍ਹਾਂ ਕੋਲ ਵੋਟ ਦਾ ਅਧਿਕਾਰ ਹੋਵੇ ਤਾਂ ਇਹ ਬਿਲਕੁਲ ਸੰਭਵ ਹੈ ਕਿ ਉਹ ਅਸੰਬਲੀ ਵਿੱਚ ਤਿੰਨ ਮੈਂਬਰ ਚੁਣ ਸਕਣਗੇ; ਇਕ ਚੀਨਾ, ਇਕ ਜਾਪਾਨੀ ਅਤੇ



ਇਕ ਹਿੰਦੂ। ਪਾਵਲ ਸਟਰੀਟ ਤੋਂ ਇਕ ਆਨਰੇਬਲ ਮੈਂਬਰ ਦਾ ਹੋਣਾ ਕੋਈ ਮਿੱਥ ਨਹੀਂ ਹੈ।"[54]

ਇਸ ਹੱਕ ਨਾਲ ਹੀ ਦੂਜੇ ਬਹੁਤ ਸਾਰੇ ਹੱਕ ਵੀ ਜੁੜੇ ਹੋਏ ਸਨ ਜਿਨ੍ਹਾਂ ਦੀ ਅਣਹੋਂਦ ਕਾਰਨ ਪਹਿਲੀਆਂ ਵਿੱਚ ਆਏ ਸਾਡੇ ਲੋਕਾਂ ਨੂੰ ਖਾਸ ਕਿਸਮ ਦੇ ਕੁੱਝ ਇਕ ਕਿੱਤਿਆਂ ਬਿਨਾਂ ਹੋਰ ਪਾਸੇ ਕੰਮ ਕਰਨ ਦੀ ਖੁੱਲ ਨਹੀਂ ਸੀ। ਇਨ੍ਹਾਂ ਹੱਕਾਂ ਦੀ ਅਣਹੋਂਦ ਹੀ ਸਿੱਧੇ ਤੌਰ ਉੱਤੇ ਇਸ ਗੱਲ ਲਈ ਜ਼ਿੰਮੇਵਾਰ ਸੀ ਕਿ ਸਾਡੇ ਲੋਕਾਂ ਨੂੰ ਉੱਚ ਵਿਦਿਆ ਪ੍ਰਾਪਤ ਕਰਨ ਬਾਅਦ ਵੀ ਚੰਗੀਆਂ ਨੌਕਰੀਆਂ ਨਹੀਂ ਸਨ ਮਿਲਦੀਆਂ। ਇਸ ਦਾ ਬਹੁਤ ਖਤਰਨਾਕ ਅਸਰ ਇਹ ਪਿਆ ਕਿ ਪਹਿਲਿਆਂ ਦਹਾਕਿਆਂ ਦੌਰਾਨ ਏਥੇ ਜੰਮੇ ਪਲੇ ਪੰਜਾਬੀ, ਹਰ ਕਿਸਮ ਦੀਆਂ ਸਹੂਲਤਾਂ ਹੋਣ ਦੇ ਬਾਵਜੂਦ ਵੀ, ਉੱਚ ਵਿਦਿਆ ਪ੍ਰਾਪਤ ਨਾ ਕਰ ਸਕੇ। ਇਸ ਨਾਲ ਸਮੁੱਚੀ ਕਮਿਊਨਿਟੀ ਨੂੰ ਜੋ ਘਾਟਾ ਪਿਆ ਉਹ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਦੂਜੇ ਸ਼ਬਦਾਂ ਵਿੱਚ ਜੇ ਵੋਟ ਪਾਉਣ ਦਾ ਹੱਕ ਸਾਡੀ ਕਮਿਊਨਿਟੀ ਕੋਲੋਂ ਖੋਹਿਆ ਨਾ ਜਾਂਦਾ ਜਾਂ ਪਹਿਲਾਂ ਮਿਲ ਜਾਂਦਾ ਤਾਂ ਸ਼ਾਇਦ ਸਾਡੀ ਕਮਿਊਨਿਟੀ ਦੀ ਹੁਣ ਦੀ ਦਿੱਖ ਕੁੱਝ ਹੋਰ ਹੁੰਦੀ। ਏਸੇ ਕਰਕੇ ਇਹ ਜਿੱਤ ਏਨੀ ਮਹੱਤਵਪੂਰਨ ਹੈ ਕਿ ਇਸ ਨਾਲ ਸਾਡੀ ਸਮੁੱਚੀ ਕਮਿਊਨਿਟੀ ਦੀ ਸੇਧ ਹੀ ਬਦਲ ਗਈ।

ਵੋਟ ਦੇ ਹੱਕ ਦੀ ਲੰਮੀ ਸਿਆਸੀ ਲੜਾਈ ਦੇ ਅਮਲ ਦੌਰਾਨ ਭਾਰਤੀ ਕਨੇਡੀਅਨਾਂ ਨੇ ਆਪਣੇ ਆਪ ਨੂੰ ਇਸ ਸਮਾਜ ਦਾ ਅਟੁੱਟ ਹਿੱਸਾ ਬਣਾਉਣ ਵੱਲ ਮਹੱਤਵਪੂਰਨ ਕਦਮ ਪੁੱਟੇ। ਇਸ ਅਮਲ ਰਾਹੀਂ ਉਨ੍ਹਾਂ ਨੇ ਕਨੇਡਾ ਦੇ ਸਿਆਸੀ ਢਾਂਚੇ ਨੂੰ ਨੇੜਿਓਂ ਸਮਝਣ ਦਾ ਯਤਨ ਕੀਤਾ ਜੋ ਆਪਣੇ ਆਪ ਵਿੱਚ ਇਕ ਅਹਿਮ ਗੱਲ ਮੰਨੀ ਜਾਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਨੇ ਕਨੇਡੀਅਨ ਸਮਾਜ ਵਿਚਲੇ ਬਹੁਤ ਸਾਰੇ ਲੋਕਾਂ ਨਾਲ ਜਥੇਬੰਦਕ ਪੱਧਰ ਉੱਤੇ ਤਾਲਮੇਲ ਵਧਾਇਆ। ਵੋਟ ਦਾ ਹੱਕ ਜਿੱਤਣ ਲਈ ਕੀਤੀਆਂ ਅਨੇਕਾਂ ਸਰਗਰਮੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਕਿਸ ਤਰ੍ਹਾਂ ਭਾਰਤੀਆਂ ਨੇ ਦੂਜੀਆਂ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਮਜ਼ਦੂਰ ਜਥੇਬੰਦੀਆਂ ਆਦਿ ਨਾਲ ਸਦੀਵੀ

ਨਾਤਾ ਜੋੜਿਆ ਜੋ ਸਾਡੀ ਕਮਿਊਨਿਟੀ ਵਾਸਤੇ ਅੱਜ ਵੀ ਕੰਮ ਕਰਦਾ ਸਾਫ ਨਜ਼ਰ ਆਉਂਦਾ ਹੈ। ਏਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਭਾਰਤੀਆਂ ਵਲੋਂ ਆਪਣੇ ਹੱਕਾਂ ਵਾਸਤੇ ਕੀਤੀਆਂ ਕੋਸ਼ਿਸ਼ਾਂ ਵਿੱਚ ਕਨੇਡੀਅਨ ਸਮਾਜ ਵਿਚੋਂ ਬਹੁਤੀ ਵਾਰੀ ਇਕ ਵਿਸ਼ੇਸ਼ ਵਰਗ ਵਲੋਂ ਖਾਸ ਹੁੰਗਾਰਾ ਮਿਲਿਆ ਹੈ। ਇਹ ਵਿਸ਼ੇਸ਼ ਵਰਗ ਬਹੁਤੀ ਵਾਰੀ ਅਗਾਂਹਵਧੂ ਵਿਚਾਰਧਾਰਾ ਵਾਲੇ ਲੋਕ ਹੁੰਦੇ ਸਨ ਜਿਹੜੇ ਕਨੇਡਾ ਨੂੰ ਇਕ ਅਜਿਹਾ ਬਰਾਬਰਤਾ ਵਾਲਾ ਮੁਲਕ ਬਣਾਉਣਾ ਚਾਹੁੰਦੇ ਸਨ ਜਿੱਥੇ ਹਰ ਕਿਸੇ ਨੂੰ ਬਿਨਾਂ ਰੰਗ, ਨਸਲ, ਧਰਮ ਜਾਂ ਕਿਸੇ ਵੀ ਹੋਰ ਵਿਖਰੇਵੇਂ ਦੇ ਸਤਿਕਾਰਯੋਗ ਸਥਾਨ ਪ੍ਰਾਪਤ ਹੋਵੇ।

ਭਾਰਤੀ ਪਿਛੋਕੜ ਦੇ ਕਨੇਡੀਅਨਾਂ ਵਲੋਂ ਵੋਟ ਪਾਉਣ ਦੇ ਹੱਕ ਦੀ ਜਿੱਤ ਦੀ ਸਭ ਤੋਂ ਵੱਡੀ ਮਹੱਤਤਾ ਸ਼ਾਇਦ ਇਹ ਹੀ ਮੰਨੀ ਜਾਣੀ ਚਾਹੀਦੀ ਹੈ ਕਿ ਇਸ ਜੱਦੋ-ਜਹਿਦ ਅਤੇ ਜਿੱਤ ਨਾਲ ਏਥੇ ਰਹਿੰਦੇ ਭਾਰਤੀ ਇਸ ਮੁਲਕ ਨੂੰ ਇਕ ਵਧੀਆ ਮੁਲਕ ਬਣਾਉਣ ਵਿੱਚ ਹਿੱਸੇਦਾਰ ਬਣੇ। ਸੰਨ 1947 ਵਿੱਚ ਇਸ ਜਿੱਤ ਬਾਰੇ ਵੈਨਕੂਵਰ ਸੰਨ ਦੇ ਪੱਤਰਕਾਰ ਐਲਮਰ ਫਿਲਪੌਟ ਦੇ ਲਿਖੇ ਸ਼ਬਦ ਇਸ ਗੱਲ ਦੀ ਗਵਾਹੀ ਭਰਦੇ ਹਨ। ਉਸ ਨੇ ਲਿਖਿਆ: "ਯੂਰਪੀਅਨ ਪਿਛੋਕੜ ਦਾ ਕਨੇਡੀਅਨ ਹੋਣ ਨਾਤੇ ਮੈਂ ਇਸ ਗੱਲ ਦੀ ਗਵਾਹੀ ਦੇ ਸਕਦਾ ਹਾਂ ਅਤੇ ਇਸ ਤੱਥ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਕਹਿ ਸਕਦਾ ਹਾਂ ਕਿ ਇਹ ਭਾਰਤੀਆਂ ਦੀ ਭਾਰਤੀਆਂ ਵਾਸਤੇ ਜਿੱਤ ਸੀ - ਪਰ ਇਕ ਵੱਡੀ ਪੱਧਰ ਉੱਤੇ ਇਹ ਜਿੱਤ ਕਨੇਡਾ ਵਿਚਲੇ ਭਾਰਤੀਆਂ ਦੀ ਹਰ ਜਗ੍ਹਾ ਮਨੁੱਖੀ ਬਰਾਬਰਤਾ ਵਾਸਤੇ ਜਿੱਤ ਸੀ।"[55] ਵੋਟ ਪਾਉਣ ਦਾ ਹੱਕ ਜਿੱਤਣ ਨਾਲ ਸਿਰਫ ਭਾਰਤੀਆਂ ਦਾ ਹੀ ਇਸ ਦੇਸ ਦੇ ਭਾਈਚਾਰੇ ਵਿੱਚ ਸਤਿਕਾਰਯੋਗ ਸਥਾਨ ਨਹੀਂ ਬਣਿਆਂ ਇਸ ਨਾਲ ਕਨੇਡਾ ਦੇ ਭਾਈਚਾਰੇ ਦਾ ਖੁਦ ਆਪਣੀਆਂ ਨਜ਼ਰਾਂ ਵਿੱਚ ਅਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਵੀ ਸਤਿਕਾਰ ਵਧਿਆ। ਜੇ ਕਨੇਡਾ ਦਾ ਸਮਾਜ ਅੱਜ ਦੁਨੀਆਂ ਦੇ ਬੇਹਤਰੀਨ ਸਮਾਜਾਂ ਵਿਚੋਂ ਗਿਣਿਆਂ ਜਾਂਦਾ ਹੈ ਤਾਂ ਨਿਰਸੰਦੇਹ ਇਸ ਵਿੱਚ ਕੁੱਝ ਹੱਥ ਭਾਰਤੀਆਂ ਵਲੋਂ ਲੜੇ ਗਏ ਅਨੇਕਾਂ ਅਜਿਹੇ ਘੋਲਾਂ ਦਾ ਵੀ ਹੈ ਜਿਹਨਾਂ ਰਾਹੀਂ ਉਨ੍ਹਾਂ ਨੇ ਕਨੇਡਾ ਦੇ ਉਹ ਕਾਨੂੰਨ ਤਬਦੀਲ ਕਰਵਾਏ ਜਿਹੜੇ



ਲੋਕਾਂ ਨੂੰ ਰੰਗ, ਨਸਲ, ਧਰਮ ਅਤੇ ਹੋਰ ਵੱਖਰੇਵਿਆਂ ਕਾਰਨ ਉਚ-ਨੀਚ ਨਾਲ ਦੇਖਦੇ ਸਨ। ✿✿✿

# NOTES

[1] Khalsa Diwan Society's Report on Dominion, Provincial and Municipal Franchise for the Hindus in British Columbia, 1947:2.

[2] Proceedings of the B. C. Legislature, 26th March 1907.

[3] Ibid.

[4] Ibid.

[5] House of Commons Debate, 1923:4651.

[6] Victoria Daily Times, Nov. 28, 1923. p.1.

[7] Ibid.

[8] Victoria Daily Times, Jan. 26, 1945. p. 3.

[9] Khalsa Diwan Society, p. 2.

[10] House of Commons, 1923:4640.

[11] Victoria Daily Times, Aug. 19, 1922.

[12] Victoria Daily Times, Aug. 14, 1922.

[13] The Canadian Annual Review, 1922. p.202.

[14] House of Commons Debate,1923:4647.

[15] House of Commons Debate, 1923:4651.

[16] Vancouver Daily Province, Sept. 14, 1928, p.13.

[17] Vancouver Daily Province, Aug. 9, 1932..p.16.

[18] Khalsa Diwan Society, p. 4.

[19] Victoria Daily Times, April 11, 1927. p. 9.

[20] Vancouver News Herald, Aug. 28, 1942. p. 7.

[21] Vancouver Sun, Oct.9, 1942. p.9.

[22] The Daily Colonist, Oct. 10, 1942. And Vancouver Sun, Oct. 9, 1942.

[23] Vancouver Daily Province, Oct. 13, 1942. p. 4.

[24] Victoria Daily Times, Oct. 9, 1942. p. 2.

[25] Victoria Daily Times, April 11, 1927. p. 9.

26 Vancouver Daily Province, March 3, 1943. p. 14. And Vancouver Sun, March 3, 1943. p. 8.

27 Khalsa Diwan Society, p. 8.

28 Victoria Daily Times, April 11, 1927. p. 9.

29 Some names included are: James E. Dobbs, A.H. W. Joyner, Dr. Leila Davis, Senator John Lewis, Arthur Hawks, Felix Belcher, Albert A.E. S. Smythe, Miss Nora Jackson and Mr. Woods of Toronto Globe.

30 Khalsa Diwan Society, p. 5.

31 Vancouver News Herald, Oct. 23, 1944. p. 3.

32 Vancouver Sun, March 16, 1945. p. 4.

33 Victoria Daily Times, April 7, 1945. p. 8.

34 The Daily Colonist, March 8, 1944. p. 3.

35 Victoria Daily Times, March 9, 1944. p. 14.

36 Vancouver Daily Province, March 10, 1944. p. 6.

37 Ibid.

38 Victoria Daily Times, March 14, 1944. p. 11.

39 Victoria Daily Times, Dec. 5, 1944. p. 11.

40 Vancouver News Herald, Dec. 6, 1944. p. 3.

41 Victoria Daily Times, April 7, 1945. p.4.

42 Vancouver News Herald, Dec. 27, 1944. p. 4.

43 Victoria Daily Times, March 15, 1944. p. 11.

44 Vancouver Sun, Nov. 20, 1944. p. 6.

45 Vancouver Sun, Oct. 18, 1945. p. 21.

46 Vancouver News Herald, Nov. 2, 1946. p. 2.

47 Khalsa Diwan Society, p. 6.

48 Vancouver News Herald, Nov. 8, 1946. p.9.

49 Ibid.

50 The Daily Colonist, April 4, 1947. p. 3.

51 Vancouver News Herald, Sept. 10, 1947. p. 3.

52 Khalsa Diwan Society, p. 9.

53 Ibid. p. 8.

54 Vancouver Sun, March 16, 1944, p.4.

55 Khalsa Diwan Society, p.1.



# ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਲੜੀ ਜੱਦੋ-ਜਹਿਦ ਦਾ ਲੜੀ ਵਾਰ ਵੇਰਵਾ

**26 ਮਾਰਚ, 1907**

ਬੀ. ਸੀ. ਦੇ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਕੇ ਬੀ. ਸੀ. ਦੀ ਕੰਜਰਵੇਟਿਵ ਸਰਕਾਰ ਨੇ ਬੀ. ਸੀ. ਵਿੱਚ ਰਹਿੰਦੇ ਭਾਰਤੀਆਂ ਕੋਲੋਂ ਵੋਟ ਦਾ ਅਧਿਕਾਰ ਖੋਹ ਲਿਆ।

**8 ਜਨਵਰੀ, 1908**

ਕਨੇਡੀਅਨ ਸਰਕਾਰ ਨੇ ਸਿੱਧੇ ਸਫਰ (ਕੰਟੀਨਿਊਸ ਜਰਨੀ) ਦਾ ਫਰਮਾਨ (ਆਰਡਰ ਇਨ ਕਾਊਂਸਲ) ਪਾਸ ਕੀਤਾ। ਇਸ ਕਾਨੂੰਨ ਮੁਤਾਬਕ ਕਨੇਡਾ ਨੂੰ ਆਉਣ ਵਾਲਾ ਵਿਅਕਤੀ ਬੀ. ਸੀ. ਦੀਆਂ ਬੰਦਰਗਾਹਾਂ ਉੱਤੇ ਤਾਂ ਹੀ ਉੱਤਰ ਸਕਦਾ ਸੀ ਜੇ ਉਹ ਆਪਣੇ ਦੇਸ਼ ਤੋਂ ਸਿੱਧਾ ਸਫਰ ਕਰਕੇ ਇਥੇ ਪਹੁੰਚਿਆ ਹੋਵੇ। ਇਸ ਕਾਨੂੰਨ ਦਾ ਮਕਸਦ ਕਨੇਡਾ ਵਿੱਚ ਭਾਰਤੀਆਂ ਦਾ ਦਾਖਲਾ ਬੰਦ ਕਰਨ ਦਾ ਸੀ ਕਿਉਂਕਿ ਉਸ ਸਮੇਂ ਭਾਰਤ ਤੋਂ ਕੋਈ ਵੀ ਜਹਾਜ਼ ਸਿੱਧਾ ਕਨੇਡਾ ਨਹੀਂ ਆਉਂਦਾ ਸੀ।

**7 ਮਾਰਚ 1908**

ਬੀ. ਸੀ. ਵਿੱਚ ਰਹਿ ਰਹੇ ਭਾਰਤੀਆਂ ਕੋਲੋਂ ਮਿਊਂਸਪਲ ਪੱਧਰ ਉੱਤੇ ਵੋਟ ਪਾਉਣ ਦਾ ਹੱਕ ਵੀ ਖੋਹ ਲਿਆ ਗਿਆ।

**1911**

ਹਸਨ ਰਹੀਮ ਨੇ ਵੈਨਕੂਵਰ ਦੀਆਂ ਮਿਊਂਸਪਲ ਇਲੈਕਸ਼ਨਾਂ ਵਿੱਚ ਵੋਟ ਪਾਈ। ਨਤੀਜੇ ਵਜੋ ਹਸਨ ਰਹੀਮ ਉੱਤੇ ਮੁਕੱਦਮਾ ਚੱਲਿਆ ਪਰ ਪੂਰੇ ਸਬੂਤ ਨਾ ਹੋਣ ਕਰਕੇ ਉਹ ਬਰੀ ਹੋ ਗਿਆ।

**23 ਮਈ - 23 ਜੁਲਾਈ 1914**

23 ਮਈ 1914 ਨੂੰ 376 ਭਾਰਤੀ ਮੁਸਾਫਰਾਂ ਸਮੇਤ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਉੱਤੇ ਪਹੁੰਚਿਆ। ਇਕ ਜਾਪਾਨੀ ਕੰਪਨੀ ਤੋਂ ਚਾਰਟਰ

ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੂਵਰ ਲਿਆਉਣ ਪਿੱਛੇ ਬਾਬਾ ਗੁਰਦਿੱਤ ਸਿੰਘ ਦਾ ਮਕਸਦ ਕਨੇਡਾ ਦੇ ਸਿੱਧੇ ਸਫਰ (ਕੰਟੀਨਿਉਸ ਜਰਨੀ) ਦੇ ਕਾਨੂੰਨ ਨੂੰ ਚੁਣੌਤੀ ਦੇਣਾ ਸੀ। ਦੋ ਮਹੀਨੇ ਸਮੁੰਦਰ ਵਿੱਚ ਖੜ੍ਹੇ ਰਹਿਣ ਬਾਅਦ 23 ਜੁਲਾਈ 1914 ਨੂੰ, ਕਨੇਡੀਅਨ ਨੇਵੀ ਦੀ ਮਦਦ ਨਾਲ, ਕਾਮਾਗਾਟਾਮਾਰੂ ਨੂੰ ਕਨੇਡੀਅਨ ਪਾਣੀਆਂ ਵਿਚੋਂ ਬਾਹਰ ਕੱਢ ਦਿੱਤਾ ਗਿਆ।

**1921**
ਕਨੇਡਾ ਵਿੱਚ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਲੰਡਨ ਵਿੱਚ ਹੋਈ ਇੰਪੀਰੀਅਲ ਕਾਨਫਰੰਸ ਵਿੱਚ ਇਕ ਮਤਾ ਪਾਸ ਕੀਤਾ ਗਿਆ।

**ਅਗਸਤ 1922**
ਭਾਰਤੀ ਸਰਕਾਰ ਦਾ ਇਕ ਪ੍ਰਤੀਨਿਧ ਸ੍ਰੀ ਨਿਵਾਸਨ ਸ਼ਾਸਤਰੀ ਕਨੇਡਾ ਵਿੱਚ ਸਦਭਾਵਨਾ-ਦੌਰੇ ਉੱਤੇ ਆਇਆ। ਆਪਣੇ ਦੌਰੇ ਸਮੇਂ ਉਹ ਕਈ ਵਾਰ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੇ ਸਵਾਲ ਉੱਤੇ ਬੋਲਿਆ। 19 ਅਗਸਤ 1922 ਨੂੰ ਉਹ ਬੀ. ਸੀ. ਦੇ ਪ੍ਰੀਮੀਅਰ ਓਲੀਵਰ ਅਤੇ ਉਸਦੀ ਕੈਬਨਿਟ ਨੂੰ ਮਿਲਿਆ ਅਤੇ ਉਹਨਾਂ ਨਾਲ ਕਨੇਡੀਅਨ-ਭਾਰਤੀਆਂ ਦੇ ਵੋਟ ਦੇ ਹੱਕ ਦੀ ਗੱਲ ਕੀਤੀ।

**29 ਜੂਨ 1923**
ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਬਾਰੇ ਕਨੇਡਾ ਦੇ ਹਾਊਸ ਆਫ ਕਾਮਨਜ਼ ਵਿੱਚ ਬਹਿਸ ਹੋਈ।

**27 ਨਵੰਬਰ 1923**
ਬੀ. ਸੀ. ਅਸੰਬਲੀ ਵਲੋਂ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਵਿਰੋਧ ਵਿੱਚ ਇਕ ਮਤਾ ਸਰਬ ਸੰਮਤੀ ਨਾਲ ਪਾਸ ਕਰਕੇ ਡੁਮੀਨਿਅਨ (ਕਨੇਡਾ ਪੱਧਰ) ਦੀ ਸਰਕਾਰ ਨੂੰ ਭੇਜਿਆ ਗਿਆ।

**11 ਅਪ੍ਰੈਲ 1927**
ਭਾਰਤੀ ਕਨੇਡੀਅਨ ਕਮਿਊਨਟੀ ਨੇ ਇਕ ਪਟੀਸ਼ਨ ਬੀ. ਸੀ. ਦੇ ਦੌਰੇ ਉੱਤੇ ਆਏ ਕਨੇਡਾ ਦੇ ਗਵਰਨਰ ਜਨਰਲ ਵਾਈਕਾਊਂਟ ਵਿਲੰਗਡਨ ਨੂੰ ਦਿੱਤੀ। ਇਸ ਪਟੀਸ਼ਨ ਵਿੱਚ ਕਨੇਡਾ ਦੇ ਭਾਰਤੀਆਂ ਲਈ ਨਾਗਰਿਕਤਾ ਦੇ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ।

**ਸਤੰਬਰ 1928**
ਬਰਤਾਨਵੀ ਸਾਮਰਾਜ ਦੀ ਪਾਰਲੀਮੈਂਟਰੀ ਐਸੋਸੀਏਸ਼ਨ ਦੇ ਤਿੰਨ ਮੈਂਬਰ -



ਦੀਵਾਨ ਬਹਾਦੁਰ ਜੀ. ਏ. ਨੇਤਸਨ, ਦੀਵਾਨ ਸੀ ਲਾਲ ਅਤੇ ਟੀ ਸ੍ਰੀ ਗੋਸਵਾਮੀ-ਸਤੰਬਰ 1928 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਦੌਰੇ ਉੱਤੇ ਆਏ। ਆਪਣੇ ਇਸ ਦੌਰੇ ਸਮੇਂ ਉਹਨਾਂ ਕਨੇਡਾ ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ।

**8 ਅਗਸਤ 1932**
ਕਨੇਡਾ ਦੇ ਦੌਰੇ ਉੱਤੇ ਆਏ ਬਰਤਾਨਵੀ ਡੇਲੀਗੇਸ਼ਨ ਦਾ ਮੁਖੀ ਸਰ ਅਤੁਲ ਚੈਟਰਜੀ ਕਨੇਡਾ ਦੀ ਕੈਬਨਿਟ ਨੂੰ ਮਿਲਿਆ ਅਤੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ।

**14 ਜਨਵਰੀ 1942**
ਕਨੇਡਾ ਦੇ ਲੈਕਚਰ-ਟੂਰ ਉੱਤੇ ਆਇਆ ਲੰਡਨ ਸਥਿਤ ਇੰਡੀਅਨ ਓਵਰਸੀਜ਼ ਐਸੋਸੀਏਸ਼ਨ ਦਾ ਸੈਕਟਰੀ ਐਚ. ਐਸ. ਐਲ. ਪੋਲਕ ਬੀ. ਸੀ. ਦੀ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲਿਆ। ਇਸ ਮੀਟਿੰਗ ਵਿੱਚ ਉਸਨੇ ਸਰਕਾਰ ਦੇ ਨੁਮਾਇੰਦਿਆਂ ਨੂੰ ਬੇਨਤੀ ਕੀਤੀ ਕਿ ਉਹ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ।

**28 ਅਗਸਤ 1942**
ਬ੍ਰਿਟਿਸ਼ ਡਿਪਲੋਮੇਟ ਸਰ ਰੌਬਰਟ ਹਾਲੈਂਡ ਨੇ ਵੈਨਕੂਵਰ ਹੋਟਲ ਵਿੱਚ ਇਕ ਮੀਟਿੰਗ ਵਿੱਚ ਬੋਲਦਿਆਂ ਭਾਰਤੀ ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਮੰਗ ਕੀਤੀ। ਉਸਨੇ ਕਿਹਾ, "ਇਹ ਬੜੀ ਬੇਇਨਸਾਫੀ ਵਾਲੀ ਗੱਲ ਹੈ ਕਿ ਭਾਰਤੀ ਲੋਕਾਂ, ਜੋ ਕਨੇਡਾ ਦੇ ਫੌਜੀਆਂ ਨਾਲ ਮੋਢੇ ਨਾਲ ਮੋਢੇ ਜੋੜ ਕੇ ਲੜਨ ਨੂੰ ਤਿਆਰ ਹਨ ਅਤੇ ਜਿਹਨਾਂ ਨੇ ਆਪਣਾ ਸਾਰਾ ਜੀਵਨ ਕਨੇਡਾ ਵਿੱਚ ਲੰਘਾਉਣਾ ਹੈ, ਕੋਲ ਕਨੇਡਾ ਦੇ ਮਸਲਿਆਂ ਵਿੱਚ ਰਾਏ ਦੇਣ ਲਈ ਕੋਈ ਆਵਾਜ਼ ਨਹੀਂ।" *(ਵੈਨਕੂਵਰ ਨਿਊਜ਼ ਹੈਰਲਡ, 28 ਅਗਸਤ, 1942: 7)*

**ਅਕਤੂਬਰ 1942**
ਭਾਰਤੀ-ਕਨੇਡੀਅਨ ਕਮਿਊਨਟੀ ਵਿਚੋਂ ਕਈ ਨੌਜਵਾਨਾਂ ਨੂੰ ਫੌਜ ਵਿੱਚ ਜਬਰੀ ਭਰਤੀ ਲਈ ਚਿੱਠੀਆਂ ਆਈਆਂ। ਨਤੀਜੇ ਵੱਜੋਂ ਕਮਿਊਨਟੀ ਵਿੱਚ ਰੋਸ ਦੀ ਇਕ ਲਹਿਰ ਦੌੜ ਗਈ। 9 ਅਕਤੂਬਰ 1942 ਨੂੰ ਖਾਲਸਾ ਦੀਵਾਨ ਸੁਸਾਇਟੀ ਵਿੱਚ ਹੋਈ ਮੀਟਿੰਗ ਵਿੱਚ ਇਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਜਬਰੀ ਭਰਤੀ ਉੱਤੇ ਸਖਤ ਰੋਸ ਪ੍ਰਗਟ ਕੀਤਾ ਗਿਆ ਅਤੇ ਇਕ ਵਾਰ ਫਿਰ ਵੋਟ

ਦੇ ਅਧਿਕਾਰ ਦੀ ਮੰਗ ਕੀਤੀ ਗਈ।

**10 ਅਕਤੂਬਰ 1942**
ਵੈਨਕੂਵਰ ਤੋਂ ਛਪਦੇ ਅੰਗਰੇਜ਼ੀ ਦੇ ਅਖਬਾਰਾਂ – ਵੈਨਕੂਵਰ ਨਿਊਜ਼ ਹੈਰਲਡ ਅਤੇ ਵੈਨਕੂਵਰ ਡੇਲੀ ਪ੍ਰੋਵਿੰਸ – ਨੇ ਭਾਰਤੀ ਕਨੇਡੀਅਨਾਂ ਦੇ ਹੱਕ ਵਿੱਚ ਸੰਪਾਦਕੀ ਲਿਖੇ।

**2 ਮਾਰਚ 1943**
ਵੋਟ ਦੇ ਅਧਿਕਾਰ ਸੰਬੰਧੀ ਭਾਰਤੀ ਕਮਿਊਨਟੀ ਅਤੇ ਉਸਦੇ ਹਮਦਰਦਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੀ ਕੈਬਨਿਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਨਰਿੰਜਨ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ; ਦਰਸ਼ਨ ਸਿੰਘ ਸੰਘਾ (ਜੋ ਬਾਅਦ ਵਿੱਚ ਪੰਜਾਬ ਦੀ ਸਿਆਸਤ ਵਿੱਚ ਦਰਸ਼ਨ ਸਿੰਘ ਕਨੇਡੀਅਨ ਦੇ ਨਾਂ ਨਾਲ ਮਸ਼ਹੂਰ ਹੋਏ); ਹਜਾਰਾ ਸਿੰਘ ਗਰਚਾ; ਹਰਨਾਮ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ; ਦੀਦਾਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਖਜ਼ਾਨਚੀ; ਅਰਜਨ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਉਪ ਖਜ਼ਾਨਚੀ; ਮਹਿੰਦਰ ਸਿੰਘ; ਫੰਗਣ ਸਿੰਘ; ਜੀ ਐਸ ਬਾਦਲ; ਬਾਰੂ ਸਿੰਘ; ਸਰ ਰੋਬਰਟ ਹਾਲੈਂਡ ਅਤੇ ਹੈਰਲਡ ਪਰਿਚਟ, ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ ਦੇ ਡਿਸਟ੍ਰਿਕਟ ਨੰਬਰ 1 ਦਾ ਪ੍ਰੈਜ਼ੀਡੈਂਟ।

**ਫਰਵਰੀ 25, 1944**
ਵੈਨਕੂਵਰ ਸੈਂਟਰ ਤੋਂ ਸੀ ਸੀ ਐਫ ਦੀ ਅਸੰਬਲੀ ਮੈਂਬਰ ਲਾਰਾ ਜੇਮੀਸਨ ਨੇ ਭਾਰਤੀ–ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਅਸੰਬਲੀ ਵਿੱਚ ਛੇੜੀ। ਉਸਨੇ ਕਿਹਾ, "ਜੰਗ ਜਿੱਤਣ ਵਿੱਚ ਮਦਦ ਕਰਨ ਲਈ ਅਤੇ ਸ਼ਾਂਤੀ ਦੀ ਨੀਂਹ ਲਈ ਲੋੜੀਂਦਾ ਇਕ ਛੋਟਾ ਪੱਥਰ ਰੱਖਣ ਲਈ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆਂ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਬ੍ਰਿਟਿਸ਼ ਸਬਜੈਕਟਸ ਨੂੰ ਵੋਟ ਦਾ ਹੱਕ ਦੇ ਦੇਵੇ।... ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਅਜਿਹਾ ਕਰਨ ਲਈ ਉਹ ਕਲਮ ਦੀ ਇਕ ਝਰੀਟ ਨਾਲ ਇਲੈਕਸ਼ਨ ਐਕਟ ਵਿੱਚ ਤਬਦੀਲੀ ਕਰ ਦੇਵੇ। *(ਵਿਕਟੋਰੀਆ ਡੇਲੀ ਟਾਈਮਜ਼, 26 ਫਰਵਰੀ, 1944 ਸਫਾ 5)* ਅਸੰਬਲੀ ਦੇ ਇਸ ਸੈਸ਼ਨ ਵਿੱਚ ਵੈਨਕੂਵਰ ਈਸਟ ਤੋਂ ਸੀ ਸੀ ਐਫ ਪਾਰਟੀ ਨਾਲ ਸੰਬੰਧਤ ਅਸੰਬਲੀ ਮੈਂਬਰ, ਮਿਸਟਰ ਡਬਲਿਊ. ਡਬਲਿਊ. ਲੀਫੈਕਸ ਨੇ ਇਲੈਕਸ਼ਨ ਐਕਟ ਨੂੰ ਬਦਲਣ ਲਈ ਇਕ ਤਰਮੀਮ ਪੇਸ਼ ਕੀਤੀ।



**9 ਮਾਰਚ 1944**
ਮਿਸਟਰ ਡਬਲਊ. ਡਬਲਊ. ਲੀਫੈਕਸ ਵਲੋਂ ਪੇਸ਼ ਕੀਤੀ ਤਰਮੀਮ ਵਿਰੁੱਧ ਬੋਲਦਿਆਂ, ਪ੍ਰੋਵਿੰਸ਼ਿਅਲ ਸੈਕਟਰੀ ਅਤੇ ਲੇਬਰ ਮਨਿਸਟਰ ਆਨਰੇਬਲ ਜਾਰਜ ਪੀਅਰਸਨ ਨੇ ਕਿਹਾ: "ਵੋਟ ਦਾ ਹੱਕ ਪ੍ਰਾਪਤ ਕਰਨ ਪਿੱਛੇ ਕੌਮੀਅਤ ਨਾਲੋਂ ਕੁੱਝ ਵੱਧ ਹੋਣਾ ਚਾਹੀਦਾ ਹੈ। ਇਸ ਸੂਬੇ ਵਿੱਚ ਰਹਿਣ–ਸਹਿਣ ਦਾ ਜੋ ਪੱਧਰ ਅਸੀਂ ਮਿਥਿਆ ਹੈ, ਉਸ ਨੂੰ ਕਾਇਮ ਰੱਖਣ ਵਿੱਚ ਹਿੰਦੂ ਸਾਡੀ ਮਦਦ ਨਹੀਂ ਕਰ ਰਿਹਾ। ਇਸ ਸੂਬੇ ਵਿੱਚ ਹਿੰਦੂਆਂ ਵਰਗਾ ਬੇਇਤਬਾਰਾ, ਬੇਈਮਾਨ ਅਤੇ ਧੋਖੇਬਾਜ਼ ਹੋਰ ਕੋਈ ਨਹੀਂ ਹੈ।... ਉਹਨਾਂ ਨੂੰ ਪੂਰੇ ਅਧਿਕਾਰਾਂ ਤੋਂ ਵਾਂਝੇ ਰੱਖ ਕੇ ਅਸੀਂ ਠੀਕ ਕਰ ਰਹੇ ਹਾਂ।" *(ਦੀ ਡੇਲੀ ਕਾਲੋਨਿਸਟ, 9 ਮਾਰਚ 1944, ਸਫਾ 2)।* ਵੈਨਕੂਵਰ ਸੈਂਟਰ ਤੋਂ ਸੀ ਸੀ ਐਫ ਦੀ ਅਸੰਬਲੀ ਮੈਂਬਰ ਸ਼੍ਰੀ ਮਤੀ ਲਾਰਾ ਜੈਮੀਸਨ ਨੇ ਇਸ ਤਰਮੀਮ ਦੇ ਹੱਕ ਵਿੱਚ ਬੋਲਦਿਆਂ ਕਿਹਾ, "ਜੇ ਉਹ ਸਾਡੇ ਲਈ ਲੜਨ ਦੇ ਯੋਗ ਹਨ ਤਾਂ ਉਹ ਸਾਡੇ ਲਈ ਵੋਟ ਪਾਉਣ ਦੇ ਵੀ ਯੋਗ ਹਨ।" *(ਵਿਕਟੋਰੀਆ ਡੇਲੀ ਟਾਈਮਜ਼, 9 ਮਾਰਚ 1944, ਸਫਾ 14)*

**10 ਮਾਰਚ 1944**
ਮਿਸਟਰ ਪੀਅਰਸਨ ਦੇ ਕਹੇ ਸ਼ਬਦਾਂ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ ਨੇ ਕਿਹਾ: "ਮਿਸਟਰ ਪੀਅਰਸਨ ਦੇ ਇਹ ਬਿਆਨ ਨਾਵਾਜਬ ਅਤੇ ਅਕਾਰਣ ਹਨ। ਜਦੋਂ ਮਿਸਟਰ ਪੀਅਰਸਨ ਆਪਣੇ ਹੁੰਝਾ–ਫੇਰੂ ਬਿਆਨ ਵਿੱਚ ਚੀਨਿਆਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ ਤਾਂ ਉਹ ਇਕ ਸ਼ਾਵਨਵਾਦੀ ਰਵੱਈਆ ਅਖਤਿਆਰ ਕਰਦਾ ਹੈ, ਜੋ ਕਿ ਨਾਜ਼ੀਆਂ ਦੀ ਮਾਸਟਰ ਰੇਸ ਦੀਆਂ ਥਿਊਰੀਆਂ ਦੀ ਵਿਸ਼ੇਸ਼ਤਾ ਹੈ *(ਵੈਨਕੂਵਰ ਡੇਲੀ ਪ੍ਰੋਵਿੰਸ, 10 ਮਾਰਚ 1944, ਸਫਾ 6)।*" ਭਾਰਤੀ ਕਮਿਊਨਟੀ ਨੇ ਲੇਬਰ ਮਨਿਸਟਰ ਤੋਂ ਮੰਗ ਕੀਤੀ ਕਿ ਉਹ ਆਪਣੇ ਕਹੇ ਸ਼ਬਦ ਵਾਪਸ ਲਵੇ ਅਤੇ ਇਹਨਾਂ ਸ਼ਬਦਾਂ ਲਈ ਭਾਰਤੀ ਕਮਿਊਨਟੀ ਤੋਂ ਮੁਆਫੀ ਮੰਗੇ।

**ਉਸੇ ਦਿਨ** ਅਸੰਬਲੀ ਦੇ ਸਪੀਕਰ, ਮਿਸਟਰ ਵਿਟੇਕਰ ਨੇ ਪ੍ਰੋਵਿੰਸ਼ਿਅਲ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਨ ਲਈ ਮਿਸਟਰ ਲੀਫੈਕਸ ਵਲੋਂ ਪੇਸ਼ ਕੀਤੇ ਬਿਲ ਨੂੰ ਕੁੱਝ ਤਕਨੀਕੀ ਕਾਰਨਾਂ ਕਰਕੇ ਆਊਟ ਆਫ ਆਰਡਰ ਕਰਾਰ ਦੇ ਦਿੱਤਾ।

**14 ਮਾਰਚ 1944**
ਭਾਰਤੀ–ਕਨੇਡੀਅਨ ਕਮਿਊਨਟੀ ਵਲੋਂ ਇਕ ਡੈਲੀਗੇਸ਼ਨ ਲੇਬਰ ਮਨਿਸਟਰ

ਜਾਰਜ ਪੀਅਰਸਨ ਨੂੰ ਮਿਲਿਆ ਅਤੇ ਉਸਦੇ ਬਿਆਨਾਂ ਦੇ ਖਿਲਾਫ ਉਸਨੂੰ ਇਕ ਰੋਸ ਪੱਤਰ ਦਿੱਤਾ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਮਹਿੰਦਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ; ਦਰਸ਼ਨ ਸਿੰਘ ਸੰਘਾ (ਕਨੇਡੀਅਨ); ਅਤੇ ਜੈਰੀ ਸਿੰਘ ਹੁੰਦਲ।

**15 ਮਾਰਚ 1944**
ਲੱਕੜ ਸਨਅਤ ਵਿੱਚ ਸਥਾਪਤ ਯੂਨੀਅਨ, ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.), ਨੇ ਮਿਸਟਰ ਪੀਅਰਸਨ ਦੇ ਬਿਆਨਾਂ ਦੀ ਨਿਖੇਧੀ ਕੀਤੀ।

**ਉਸੇ ਦਿਨ,** ਵੈਨਕੂਵਰ ਸਨ ਨੇ ਅਸੰਬਲੀ ਵਿੱਚ ਭਾਰਤੀਆਂ ਨੂੰ ਵੋਟ ਦੇਣ ਦੇ ਬਿਲ ਦੀ ਹਾਰ ਦੇ ਹੱਕ ਵਿੱਚ ਸੰਪਾਦਕੀ ਲਿਖਿਆ।

**22 ਮਾਰਚ 1944**
ਲੇਬਰ ਮਨਿਸਟਰ ਜਾਰਜ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਮੁਆਫੀ ਦਾ ਖਤ ਭੇਜਿਆ ਪਰ ਇਹ ਖਤ ਭਾਰਤੀ ਕਮਿਊਨਟੀ ਦੀ ਤਸੱਲੀ ਨਾ ਕਰਵਾ ਸਕਿਆ।

**29 ਅਗਸਤ 1944**
ਵੋਟ ਦੀ ਲੜਾਈ ਨੂੰ ਹੋਰ ਪ੍ਰਮਾਣਿਕਤਾ ਦੇਣ ਲਈ ਖਾਲਸਾ ਦੀਵਾਨ ਸੁਸਾਇਟੀ ਨੇ ਬੀ. ਸੀ. ਵਿੱਚ ਰਹਿ ਰਹੇ ਸਾਰੇ ਭਾਰਤੀਆਂ ਦਾ ਇਕ ਸਰਵੇ ਕਰਨ ਬਾਰੇ ਸੋਚਿਆ। ਇਸ ਸਰਵੇ ਵਿੱਚ ਲੋਕਾਂ ਕੋਲੋਂ ਉਹਨਾਂ ਦੇ ਪਰਿਵਾਰਕ ਪਿਛੋਕੜ, ਪੜ੍ਹਾਈ, ਕਮਿਊਨਟੀ ਲਈ ਯੋਗਦਾਨ, ਸਰਕਾਰ ਅਤੇ ਰੈੱਡਕਰਾਸ ਦੀ ਮਦਦ, ਜਾਇਦਾਦ ਅਤੇ ਵਿਉਪਾਰ ਵਿੱਚ ਲਾਏ ਸਰਮਾਏ ਆਦਿ ਬਾਰੇ ਸਵਾਲ ਪੁੱਛੇ ਗਏ। ਇਸ ਸਰਵੇ ਦਾ ਮਕਸਦ ਅਸੰਬਲੀ ਦੇ ਅਗਲੇ ਸੈਸ਼ਨ ਅੱਗੇ ਪੇਸ਼ ਕਰਨ ਵਾਲੀ ਪਟੀਸ਼ਨ ਲਈ ਪ੍ਰਮਾਣਿਕ ਜਾਣਕਾਰੀ ਇਕੱਤਰ ਕਰਨਾ ਸੀ।

**ਸਤੰਬਰ 1944**
ਭਾਰਤੀ ਕਮਿਊਨਟੀ ਦੇ ਨਾਂ ਉੱਤੇ ਖਾਲਸਾ ਦੀਵਾਨ ਸੁਸਾਇਟੀ ਨੇ ਬੀ. ਸੀ. ਵਿੱਚ ਵੋਟ ਦਾ ਹੱਕ ਲੈਣ ਵਿੱਚ ਮਦਦ ਕਰਨ ਲਈ ਭਾਰਤ ਦੀ ਸਰਕਾਰ ਨੂੰ ਖਤ ਲਿਖੇ।



**23 ਅਕਤੂਬਰ 1944**
ਬੀ. ਸੀ. ਦੀ ਸੀ ਸੀ ਐਫ ਪਾਰਟੀ ਦਾ ਲੀਡਰ, ਹੈਰਲਡ ਈ. ਵਿੰਚ ਵੈਨਕੂਵਰ ਦੇ ਗੁਰਦੁਵਾਰੇ ਆ ਕੇ ਭਾਰਤੀਆਂ ਨੂੰ ਵੋਟ ਦੇਣ ਦੇ ਹੱਕ ਵਿੱਚ ਬੋਲਿਆ।

**19 ਨਵੰਬਰ 1944**
ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ) ਦਾ ਪ੍ਰੈਜ਼ੀਡੈਂਟ, ਹੈਰਲਡ ਪਰਿਚਟ ਵੈਨਕੂਵਰ ਦੇ ਗੁਰਦੁਵਾਰੇ ਆ ਕੇ ਬੋਲਿਆ। ਉਸਨੇ ਭਾਰਤੀ ਲੋਕਾਂ ਨੂੰ ਯਕੀਨ ਦਿਵਾਇਆ ਕਿ ਬੀ. ਸੀ. ਦੀ ਸਾਰੀ ਮਜ਼ਦੂਰ ਲਹਿਰ ਇਸ ਜੱਦੋ-ਜਹਿਦ ਵਿੱਚ ਭਾਰਤੀ-ਕਨੇਡੀਅਨਾਂ ਦੇ ਨਾਲ ਹੈ।

**5 ਦਸੰਬਰ 1944**
ਵੋਟ ਦੇ ਹੱਕ ਦੇ ਸੰਬੰਧ ਵਿੱਚ ਭਾਰਤੀ-ਕਨੇਡੀਅਨਾਂ ਦੇ ਇਕ ਡੈਲੀਗੇਸ਼ਨ ਨੂੰ ਮਿਲਣ ਤੋਂ ਬਾਅਦ ਬੀ. ਸੀ. ਦੇ ਅਟਾਰਨੀ ਜਨਰਲ ਆਰ. ਐਲ. ਮੇਟਲੈਂਡ ਨੇ ਇਕ ਬਿਆਨ ਦਿੱਤਾ ਕਿ ਉਹ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਨਹੀਂ ਹੈ। ਉਸਨੇ ਕਿਹਾ, "... ਓਰੀਐਂਟਲ ਲੋਕਾਂ ਨੂੰ ਵੋਟ ਦੇ ਹੱਕ ਦਾ ਸਵਾਲ ਇਸ ਸੂਬੇ ਵਿੱਚ 50 ਸਾਲਾਂ ਤੋਂ ਨਜਿੱਠਿਆ ਅਤੇ ਸਵੀਕਾਰ ਕੀਤਾ ਜਾ ਚੁੱਕਾ ਹੈ। ਹੁਣ ਈਸਟ ਇੰਡੀਅਨ ਇਕ ਅਜਿਹੀ ਦਲੀਲ ਦੇ ਰਹੇ ਹਨ ਜੋ ਪਿਛਲੇ ਸਮੇਂ ਨਾਲੋਂ ਵੱਖਰੀ ਹੈ। ਪਰ ਮੈਂ ਨਹੀਂ ਸਮਝਦਾ ਕਿ ਅੱਜ ਜਦੋਂ ਸਾਡੇ 50,000 ਨੌਜਵਾਨ ਦੂਰ ਜੰਗ ਲੜ ਰਹੇ ਹਨ ਅਤੇ ਉਹਨਾਂ ਤੋਂ ਪੁੱਛੇ ਬਿਨਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਬਾਰੇ ਸੋਚਣ ਲਈ ਇਹ ਸਮਾਂ ਠੀਕ ਹੈ।" *(ਵਿਕਟੋਰੀਆ ਡੇਲੀ ਟਾਈਮਜ਼, 5 ਦਸੰਬਰ, 1944, ਸਫਾ 11)*

**6 ਦਸੰਬਰ 1944**
ਅਟਾਰਨੀ ਜਨਰਲ ਦੇ ਬਿਆਨ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਖਾਲਸਾ ਦੀਵਾਨ ਸੁਸਾਇਟੀ ਦੇ ਇਕ ਪ੍ਰਤੀਨਿਧ ਨੇ ਕਿਹਾ ਕਿ ਅਟਾਰਨੀ ਜਨਰਲ ਦਾ ਇਹ ਬਿਆਨ ਲੜਾਈ ਵਿੱਚ ਸਾਡੇ ਲੋਕਾਂ ਦੀ ਬਹਾਦਰੀ ਭਰੀ ਕਾਰਗੁਜ਼ਾਰੀ ਦੀ ਹਤਕ ਹੈ। ਮੇਟਲੈਂਡ ਦੇ ਬਿਆਨ ਦੇ ਵਿਰੋਧ ਵਿੱਚ ਬੋਲਦਿਆਂ ਆਈ. ਡਬਲਿਊ. ਏ. ਦੇ ਪ੍ਰੈਜ਼ੀਡੈਂਟ ਹੈਰਲਡ ਪਰਿਚਟ ਨੇ ਕਹਾ, "ਅਟਾਰਨੀ ਜਨਰਲ ਦਾ ਬਿਆਨ ਇਕ ਗੁਸਤਾਖ ਬਿਆਨ ਹੈ...।" *(ਵੈਨਕੂਵਰ ਨਿਊਜ਼ ਹੈਰਲਡ, 6 ਦਸੰਬਰ 1944, ਸਫਾ 3)*

**26 ਜਨਵਰੀ 1945**

ਵੋਟ ਦਾ ਹੱਕ ਦੀ ਗੱਲ ਕਰਨ ਲਈ ਬੀ. ਸੀ. ਦੀ ਭਾਰਤੀ ਕਮਿਊਨਟੀ ਅਤੇ ਉਸਦੇ ਦੋਸਤਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੇ ਪ੍ਰੀਮੀਅਰ ਜੌਹਨ ਹਾਰਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਰਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਨਰਿੰਜਨ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ; ਦਰਸ਼ਨ ਸਿੰਘ ਸੰਘਾ (ਕਨੇਡੀਅਨ); ਜੈਰੀ ਹੁੰਦਲ; ਐਚ. ਐਸ. ਗਰਚਾ; ਸ਼੍ਰੀ ਮਤੀ ਆਈ. ਐਸ. ਬੈਂਸ; ਐਲਮੋਰ ਫਿਲਪੋਟ, ਵੈਨਕੂਵਰ ਸਨ ਦਾ ਕਾਲਮਨਿਸਟ; ਰੈਵਰੈਂਡ ਏ. ਈ. ਕੁੱਕ, ਸੇਂਟ ਜਾਹਨ ਚਰਚ; ਗੈਰੀ ਕੁਲਹੈਨ, ਸ਼ਿਪਯਾਰਡ ਜਨਰਲ ਵਰਕਰਜ਼ ਫੈਡਰੇਸ਼ਨ; ਜੌਰਡਨ ਗਾਈ, ਜੂਨੀਅਰ ਬੋਰਡ ਆਫ ਟਰੇਡ; ਅਤੇ ਮਿਸ ਕੈਥਲੀਨ ਗੌਰੀ, ਗੌਰਡਨ ਹਾਊਸ।

**29 ਜਨਵਰੀ 1945**

ਡੌਕ ਐਂਡ ਸ਼ਿੱਪਯਾਰਡ ਵਰਕਰਜ਼ ਯੂਨੀਅਨ (ਸੀ ਸੀ ਐਲ) ਨੇ ਇਕ ਮਤਾ ਪਾਸ ਕੀਤਾ ਜਿਸ ਵਿੱਚ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਵਿੱਚ ਵੋਟ ਦਾ ਹੱਕ ਦੇਣ ਦੀ ਹਿਮਾਇਤ ਕੀਤੀ ਗਈ।

**3 ਫਰਵਰੀ 1945**

ਸਿਵਕ ਇੰਪਲਾਈਜ਼ ਯੂਨੀਅਨ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਸਮਰਥਨ ਕੀਤਾ।

**7 ਫਰਵਰੀ 1945**

ਨੈਸ਼ਨਲ ਯੂਨੀਅਨ ਆਫ ਓਪਰੇਟਿੰਗ ਇੰਜਨੀਅਰ ਦੀ ਲੋਕਲ ਤਿੰਨ, ਯੂਨਾਈਟਿਡ ਓਇਲ ਵਰਕਰਜ਼ ਦੀ ਲੋਕਲ ਇਕ ਅਤੇ ਸੋਆਇਨਤੁਲਾ ਅਤੇ ਬ੍ਰਿਟੇਨ ਮਾਈਨਜ਼ ਦੀਆਂ ਲੇਬਰ ਪ੍ਰੋਗਰੈਸਿਵ ਪਾਰਟੀ ਕਲੱਬਾਂ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦਾ ਸਮਰਥਨ ਕੀਤਾ।

**17 ਫਰਵਰੀ 1945**

ਵੈਸਟ ਪੁਆਇੰਟ ਗਰੇਅ ਪਰੈਸਬੀਟੇਰੀਅਨ ਚਰਚ ਦੇ ਕਿਰਕ ਸੈਸ਼ਨ, ਹੇਰਥ ਰੋਡ ਲੇਬਰ ਪ੍ਰੋਗਰੈਸਿਵ ਪਾਰਟੀ, ਆਈ. ਡਬਲਿਊ. ਏ. ਦੇ ਮਿਸ਼ਨ ਲੋਕਲ, ਵੈਨਕੂਵਰ ਸੈਕੰਡਰੀ ਟੀਚਰਜ਼ ਐਸੋਸੀਏਸ਼ਨ ਅਤੇ ਯੂਨਾਈਟਿਡ ਬਰਦਰਹੁੱਡ ਆਫ ਕਾਰਪੈਂਟਰਜ਼ ਅਤੇ ਜੁਆਇਨਰਜ਼ (ਏ. ਐਫ. ਐਲ) ਦੀ 452 ਲੋਕਲ ਨੇ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਦੀ ਹਿਮਾਇਤ ਵਿੱਚ ਐਲਾਨ ਕੀਤਾ।

**22 ਫਰਵਰੀ 1945**

ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਅਧਿਕਾਰ ਸੰਬੰਧੀ ਹੇਠ ਲਿਖੀਆਂ ਜਥੇਬੰਦੀਆਂ ਨੇ ਹਿਮਾਇਤ ਪ੍ਰਗਟ ਕੀਤੀ: ਮਾਈਨ, ਮਿਲ ਅਤੇ ਸਮੈਲਟਰ ਵਰਕਰਜ਼ ਪਾਇਨੀਰ ਦੀ ਲੋਕਲ 693, ਪਰਿੰਸ ਰੂਪਰਟ ਤੋਂ ਨੈਸ਼ਨਲ ਯੂਨੀਅਨ ਆਫ ਮਸ਼ੀਨਿਸਟ, ਫਿਟਰਜ਼ ਅਤੇ ਹੈਲਪਰਜ਼ ਦੀ ਲੋਕਲ 1, ਵੈਨਕੂਵਰ ਤੋਂ ਮਸ਼ੀਨਿਸਟ ਯੂਨੀਅਨ ਦੀ ਲਾਜ 692-ਲੋਕਲ 2404, ਵੈਨਕੂਵਰ ਦੀ ਪਾਈਲ ਡਰਾਈਵਰਜ ਯੂਨੀਅਨ ਅਤੇ ਵੈਨਕੂਵਰ ਸੈਂਟਰ ਤੋਂ ਸੀ ਸੀ ਐਫ ਦਾ ਓਪਨ ਫੋਰਮ।

**3 ਮਾਰਚ 1945**

ਲੰਡਨ ਵਿਖੇ ਬ੍ਰਿਟਿਸ਼ ਕਾਮਨਵੈਲਥ ਰੀਲੇਸ਼ਨਜ਼ ਸੰਬੰਧੀ ਹੋਈ ਕਾਨਫਰੰਸ ਵਿੱਚ ਕਨੇਡਾ ਅਤੇ ਭਾਰਤ ਦੇ ਡੈਲੀਗੇਟਾਂ ਨੇ ਬੀ. ਸੀ. ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੇ ਸਵਾਲ ਉੱਤੇ ਗੱਲਬਾਤ ਕੀਤੀ।

**15 ਮਾਰਚ 1945**

ਬੀ. ਸੀ. ਦੀ ਅਸੰਬਲੀ ਵਿੱਚ ਵੈਨਕੂਵਰ ਸੈਂਟਰ ਤੋਂ ਸੀ ਸੀ ਐਫ ਦੇ ਮੈਂਬਰ ਡਬਲਿਊ ਡਬਲਿਊ ਲੀਫੈਕਸ ਨੇ ਬੀ. ਸੀ. ਦੀ ਅਸੰਬਲੀ ਵਿੱਚ ਸੂਬੇ ਦੇ ਇਲੈਕਸ਼ਨ ਐਕਟ ਨੂੰ ਬਦਲਣ ਲਈ ਇਕ ਤਰਮੀਮ ਪੇਸ਼ ਕੀਤੀ ਤਾਂਕਿ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਵਿੱਚ ਵੋਟ ਦਾ ਹੱਕ ਦਿੱਤਾ ਜਾ ਸਕੇ।

**28 ਮਾਰਚ 1945**

ਭਾਰਤੀ ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਲਈ ਸੀ ਸੀ ਐਫ ਵਲੋਂ ਪੇਸ਼ ਕੀਤੇ ਗਏ ਬਿਲ ਦੀ ਬੀ. ਸੀ. ਅਸੰਬਲੀ ਵਿੱਚ ਚਾਰ ਵੋਟਾਂ ਦੇ ਫਰਕ (18-22) ਨਾਲ ਹਾਰ ਹੋ ਗਈ।

**7 ਅਪ੍ਰੈਲ 1945**

ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਅਸੰਬਲੀ ਵਿੱਚ ਪੇਸ਼ ਕੀਤੇ ਬਿਲ ਦੀ ਹਾਰ ਹੋਣ ਦੀ ਆਲੋਚਨਾ ਕਰਦਿਆਂ, ਦਰਸ਼ਨ ਸਿੰਘ ਸੰਘਾ (ਕਨੇਡੀਅਨ) ਨੇ ਵਿਕਟੋਰੀਆ ਡੇਲੀ ਟਾਈਮਜ਼ ਦੇ 7 ਅਪ੍ਰੈਲ 1945 ਦੇ ਅੰਕ ਵਿੱਚ ਇਕ ਖਤ ਲਿਖਿਆ।

**ਅਕਤੂਬਰ 1945**
ਖਾਲਸਾ ਦੀਵਾਨ ਸੁਸਾਇਟੀ ਨੇ ਦਸੰਬਰ 1945 ਨੂੰ ਹੋਣ ਵਾਲੀ ਬੀ. ਸੀ. ਦੀ ਇਲੈਕਸ਼ਨ ਵਿੱਚ ਖੜ੍ਹੇ ਹਰ ਉਮੀਦਵਾਰ ਨੂੰ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਬਾਰੇ ਇਕ ਖੱਤ ਭੇਜਿਆ। ਖਤ ਵਿੱਚ ਲਿਖਿਆ ਸੀ: "ਹਿਟਲਰ ਦੇ ਫਾਸ਼ੀਵਾਦ ਅਤੇ ਜਾਪਾਨ ਦੇ ਧੱਕੜ ਅਤੇ ਹਮਲਾਆਵਾਰੀ ਰਵੱਈਏ ਉੱਪਰ ਜਿੱਤ ਪ੍ਰਾਪਤ ਕਰਕੇ ਲੜਾਈ ਦੇ ਖਾਤਮੇ ਨਾਲ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਰੇ ਕਨੇਡਾ ਵਾਸੀਆਂ ਜੋ ਬ੍ਰਿਟਿਸ਼ ਸਬਜੈਕਟਸ ਹਨ ਅਤੇ ਈਸਟ ਇੰਡੀਅਨਾਂ ਨੂੰ ਦੂਜਿਆਂ ਦੇ ਬਰਾਬਰ ਦੇ ਲੋਕਤੰਤਰਿਕ ਅਧਿਕਾਰ ਮਿਲਣੇ ਚਾਹੀਦੇ ਹਨ।"
*(ਵੈਨਕੂਵਰ ਸਨ, 18 ਅਕਤੂਬਰ 1945 ਸਫਾ 21)।"*

**21 ਅਕਤੂਬਰ 1946**
ਡਾ: ਪਾਂਡੀਆ, ਆਈ. ਐਸ. ਬੈਂਸ ਅਤੇ ਵਤਨ ਸਿੰਘ ਇਕ ਡੈਲੀਗੇਸ਼ਨ ਦੇ ਰੂਪ ਵਿੱਚ ਬੀ. ਸੀ. ਦੇ ਪ੍ਰੀਮੀਅਰ ਜੋਹਨ ਹਾਰਟ ਨੂੰ ਮਿਲੇ। ਮੀਟਿੰਗ ਵਿੱਚ ਉਹਨਾਂ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਦੇ ਮਸਲੇ ਬਾਰੇ ਗੱਲ ਕੀਤੀ।

**1 ਨਵੰਬਰ 1946**
ਬੀ. ਸੀ. ਦੇ ਇਲੈਕਸ਼ਨ ਐਕਟ ਨੂੰ ਰੀਵੀਊ ਕਰਨ ਲਈ ਬਣੀ ਲੈਜਿਸਲੇਟਿਵ ਕਮੇਟੀ ਦੀ ਵੈਨਕੂਵਰ ਵਿੱਚ ਹੋਈ ਇਕ ਸੁਣਵਾਈ ਦੌਰਾਨ ਭਾਰਤੀ ਕਮਿਊਨਟੀ ਵਲੋਂ ਡਾ: ਪਾਂਡੀਆ ਨੇ ਇਕ ਬਰੀਫ ਪੇਸ਼ ਕੀਤਾ।

**ਇਸੇ ਦਿਨ** ਵੈਨਕੂਵਰ ਵਿੱਚ ਛਪਦੇ ਅਖਬਾਰ ਵੈਨਕੂਵਰ ਨਿਊਜ਼ ਹੈਰਲਡ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਸੰਪਾਦਕੀ ਲਿਖਿਆ।

**7 ਨਵੰਬਰ 1946**
ਬੀ. ਸੀ. ਇਲੈਕਸ਼ਨ ਕਮੇਟੀ ਨੂੰ ਰੀਵੀਊ ਕਰਨ ਲਈ ਬਣੀ ਸਰਬ-ਪਾਰਟੀ ਕਮੇਟੀ ਨੇ ਭਾਰਤੀ-ਕਨੇਡੀਅਨਾਂ, ਜਾਪਾਨੀਆਂ ਅਤੇ ਚੀਨਿਆਂ ਨੂੰ ਬੀ. ਸੀ. ਵਿੱਚ ਵੋਟ ਦਾ ਅਧਿਕਾਰ ਦੇਣ ਦੀ ਸਿਫਾਰਿਸ਼ ਕੀਤੀ।

**6 ਫਰਵਰੀ 1947**
ਭਾਰਤ ਦੀ ਇਨਟਰਮ ਸਰਕਾਰ ਦੇ ਉੱਪ ਪ੍ਰਧਾਨ ਅਤੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੇਂਦਰੀ ਅਸੰਬਲੀ ਵਿੱਚ ਬੋਲਦਿਆ ਕਿਹਾ, "ਭਾਰਤ ਸਰਕਾਰ ਨੇ ਕਨੇਡਾ ਦੀ ਸਰਕਾਰ ਨਾਲ ਬ੍ਰਿਟਿਸ਼ ਕੋਲੰਬੀਆ



ਵਿੱਚ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਬਾਰੇ ਗੱਲ ਕੀਤੀ ਹੈ।"
*(ਦੀ ਡੇਲੀ ਕੋਲੋਨਿਸਟ, 6 ਫਰਵਰੀ 1947, ਸਫਾ 1)*

**2 ਅਪ੍ਰੈਲ 1947**
ਬੀ. ਸੀ. ਵਿੱਚ ਭਾਰਤੀਆਂ, ਜਾਪਾਨੀਆਂ ਅਤੇ ਚੀਨਿਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਅਸੰਬਲੀ ਵਿੱਚ ਬਿਲ-85 ਪਾਸ ਕੀਤਾ ਗਿਆ। ਜਿਸ ਦੇ ਨਤੀਜੇ ਵੱਜੋਂ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਦੇ ਨਾਲ ਨਾਲ ਕਨੇਡਾ ਪੱਧਰ ਉੱਤੇ ਵੀ ਵੋਟ ਦਾ ਹੱਕ ਪ੍ਰਾਪਤ ਹੋ ਗਿਆ।

**11 ਅਪ੍ਰੈਲ 1947**
ਈਸਟ ਇੰਡੀਅਨ ਪ੍ਰੋਗਰੈਸਿਵ ਸੁਸਾਇਟੀ ਦੇ ਸੈਕਟਰੀ ਨਰਿੰਦਰ ਸਿੰਘ ਗਿੱਲ (ਜੋ ਪਹਿਲਾਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਟਰੀ ਹੁੰਦਾ ਸੀ) ਨੂੰ ਸਿਟੀਜ਼ਨਸ਼ਿਪ ਪੇਪਰ ਮਿਲੇ। ਇਹ ਮੰਨਿਆ ਜਾਂਦਾ ਹੈ ਕਿ ਕਨੇਡਾ ਦਾ ਨਾਗਰਿਕ ਬਣਨ ਵਾਲਾ ਉਹ ਪਹਿਲਾ ਭਾਰਤੀ ਸੀ।

**16 ਸਤੰਬਰ, 1947**
ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਮਿਊਂਸਪਿਲਟੀਆਂ ਦੀ ਯੂਨੀਅਨ ਨੇ ਇਕ ਮਤਾ ਪਾਸ ਕੀਤਾ ਜਿਸ ਨਾਲ ਭਾਰਤੀ-ਕਨੇਡੀਅਨਾਂ ਨੂੰ ਮਿਊਂਸਪਲ ਪੱਧਰ ਉੱਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਇਹ ਮਤਾ ਵੈਨਕੂਵਰ ਤੋਂ ਬਿਨਾਂ ਬੀ. ਸੀ. ਦੀਆਂ ਸਾਰੀਆਂ ਮਿਊਂਸਪਿਲਟੀਆਂ ਉੱਤੇ ਲਾਗੂ ਹੁੰਦਾ ਸੀ।

**23 ਅਕਤੂਬਰ, 1947**
ਵੈਨਕੂਵਰ ਸਿਟੀ ਕਾਊਂਸਲ ਦੀ ਲੈਜਿਸਲੇਟਿਵ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਭਾਰਤੀ-ਕਨੇਡੀਅਨ ਕਮਿਊਨਟੀ ਵਲੋਂ ਇਕ ਡੈਲੀਗੇਸ਼ਨ ਨੇ ਹਿੱਸਾ ਲਿਆ ਜਿਸ ਦੇ ਮੈਂਬਰ ਸਨ। ਡਾ: ਪਾਂਡੀਆ, ਕਪੂਰ ਸਿੰਘ, ਕਰਤਾਰ ਸਿੰਘ ਅਤੇ ਈਸ਼ਰ ਸਿੰਘ। ਇਸ ਮੀਟਿੰਗ ਵਿੱਚ ਵੈਨਕੂਵਰ ਸਿਟੀ ਦੇ ਚਾਰਟਰ ਵਿੱਚ ਤਰਮੀਮ ਕਰਕੇ ਵੈਨਕੂਵਰ ਦੇ ਭਾਰਤੀਆਂ ਨੂੰ ਵੈਨਕੂਵਰ ਦੀ ਮਿਊਂਸਪੈਲਟੀ ਵਿੱਚ ਵੋਟ ਦਾ ਹੱਕ ਦੇ ਦਿੱਤਾ ਗਿਆ।

# Bibliography


## BOOKS AND JOURNAL ARTICLES

Canadian Annual Review, 1922, pp. 198-202.

Dhillon, Mahinder Singh. The Sikhs in Canada and California. Vancouver: Shromani Akali Dal Association of Canada, 1981.

Hilliker, J. F. "The British Columbia Franchise and Canadian Relations with India in Wartime." B.C. Studies, Summer 1980, pp 40-60.

Khalsa Diwan Society. Report on Dominion, Provincial and Municipal Franchise For The Hindus in British Columbia. Victoria, 1947.

Lowes, G. H. The Sikhs of B.C. (Graduating Essay), UBC, 1952.

Muthana, I. M. People of India in North America. Banglore, 1975.

Sandhu, Kernial Singh. "Indian Immigration and Racial Prejudice in British Columbia: Some Preliminary Observations." in Peoples Of the Living Land ed. Julian V. Minghi, Vancouver: Tantalus Research Limited, 1972.

## NEWSPAPERS

### The Daily Colonist

1922 (Aug. 20) "Urges Equal Status For East Indians" : 27.
1923 (Nov. 22) "Alberni Member Opposes Vote For Orientals in B.C.", : 3.
1927 (Apr. 12) "Hindus Petition Lord Willingdon",: 5.
1928 (Sept. 12) "The Daily Colonist", : 1.
1930 (Jul. 25) "Hindus May Have Votes Save in B.C.", :1.





1942 (Oct. 10) "East Indians Wish To Vote",: 3.
1943 (Mar. 3) "East Indians Ask Elimination Of Racial Barriers", : 10.
1944 (Mar. 9) "Reserve Decision On Election Bill", : 2.
(Mar. 10) "Ruled Out of Order", : 7.
(Mar. 16) "Defeat Vote for East Indians", : 2.
1946 (Oct. 16) "Province to Be Asked To Give Vote Hindus", :1.
(Oct. 22) "To Ask Vote for East Indians In Brief to Special Committee", : 21.
1947 (Feb. 6) "BC Franchise Desire of India", : 1.
(Apr. 4) "Franchise Seen New Stimulus To Hindu Community in B.C.", : 3.
(Sept. 4) "Hopes Hindus To Be Given Full Franchise", : 3.
1947 (Sept. 17) "Municipalities Endorse Voice for B.C. Hindus", : 1.

### The Vancouver Daily Province

1928 (Sept. 14) "Demand Votes For Natives of India", : 13.
1932 (Aug. 9)"Sir Atul Chatterjee Asks Vote to Be Given B.C.Hindus",: 16.
1942 (Jan. 14) "East Indians Vote Is Urged", : 12.
(Oct. 13) "Seeking The Franchise", :4.
1943 (Mar. 2) "East Indians Ask Franchise", : 14.
(Dec. 14) "East Indians' Vote Is Urged", : 16.
1944 (Jan. 28) "Asiatic Races Ask For Vote", : 13.
(Mar. 9) "Perry Halt Measure On East Indian Vote", : 15.
(Mar. 10) "East Indians Demand Pearson Apologize or Repeat Words", : 6.
(Mar. 15) "Unions Dispute Pearson Opinion", : 5.

(Mar. 15)"East Indians Bring Protest to Pearson", : 13.
(Mar. 16)"East Indians Should Vote Says Perry", : 7.
(Oct. 23) "CCF Leader Turns Teacher At Sikh Meeting", : 5.

1945 (Jan. 26) "East Indian Group Meets Government", : 5.
(Feb. 3) "Civic Employees Endorse Hindu Citizenship Appeal", : 5.
(Apr. 7) "BC's East Indians Unworthy Of Citizenship, Says Factor", : 9.

1946 (Oct. 19) "B.C. and India", : 4.

Vancouver News Hearld

1942 (Aug. 28) "Vote For B.C. East Indians Urged To Combat Bitterness", : 7.
(Oct. 9) "B.C.'s East Indian Population Petitions Government For Vote", : 3.
(Oct. 10) "The Right To Vote", : 4.

1944 (Mar. 11) "In Our Time", :4.
(Mar. 16) "The Blame Is Ours", : 4.
(Mar. 22) "Hindus Repeat Demands For Public Statement, Apology From Pearson", : 3.
(Apr. 10) "Voting Privilege Again Demanded", : 3.
(Apr. 16) "Society Continues Pearson Battle", : 3.
(Aug. 29) "Hindus Organize Franchise Drive", :3.
(Sept. 20) "East Indians Ask Homeland For Aid", : 1.
(Oct. 23) "Winch Pleads Franchise Rights For East Indians Residing Here", : 3.
(Dec. 6) "Maitland's Stand on Vote Shocks Sikhs", : 3.
(Dec. 27) "Votes For Hindus", : 4.

1945 (Jan. 26) "Sikhs To Meet Cabinet On Franchise; 'Hopeful'", : 7.



(Feb. 7) "Support Given Sikh Franchise", : 3.
(Feb. 16) "Chinese, Sikhs Launch Franchise Battle", : 11.
(Mar. 26) "East Indian Vote Not Seen Threat", : 2.

1946 (Aug. 13) "BC Hindus Cited by Gandhi Diciple", : 5.
(Oct. 23) "BC House Faces Oriental Vote Storm", : 6.
(Nov. 1) "East Indians and the Vote", : 4.
(Nov. 1) "Indian Vote To Be Probed", : 5.
(Nov. 2) "Sweeping Electoral Act Changes Asked", : 2.
(Nov. 8) "Committee Plans To Enfranchise Orientals In B.C.", :9.

1947 (Apr. 11) "City E. Indian Gets Citizenship Paper", : 6.
(Sept. 10) "Alderman Back Request By E. Indians For Vote", : 3.
(Sept. 17) "Municipal Vote Right For East Indians Ok'd By UBCM Meet; Awaits Govt. Move", : 2.
(Sept. 18) "Votes For Indians"; : 8.

Vancouver Sun

1942 (Oct. 9) "East Indians Ask Right to Vote in B.C.", : 9.

1943 (Mar. 2) "East Indians Ask Cabinet For Franchise", : 9.
(Mar. 3) "Hart Ponders Franchise For East Indians", : 8.

1944 (Mar. 9) B.C. Hindus Flayed by Pearson As Unworthy of Receiving Vote", : 9.
(Mar. 9) "East Indian Says Pearson Attack Unfair", : 22
(Mar. 10) "'Say It in Public,' Hindu Challenge", : 9.
(Mar. 13) "East Indians to Seek Meeting With Pearson", : 5.
(Mar. 15) "Pearson Advised To Retract Words", : 5.

(Mar. 15) "Pearson to Put It in Writing", : 8.
(Mar. 16) "Don't Forget the Past", : 4.
(Mar. 21) "Insult to East Indians",:4.
(Mar. 22) "Pearson Apology Fails To Sootiie East Indians", : 10.
(May 16) "East Indians", : 4.
(Aug. 30) "Indians to Canvass Support for Vote": 19.
(Nov. 20) "Labor Backing For East Indian Vote": 6.
(Dec. 5) "Maitland Sees No Hope for Asiatic's Vote", : 10.
1945 (Feb. 12) "East Indians Get Support for Vote", : 5.
(Feb. 17)"More Support for Vote for Indians", : 15.
(Feb. 22) "Unions Seeking Votes For B.C. East Indians", :19.
(Mar. 3) "Status of B.C. Sikhs Probed", : 1.
(Mar. 15) "East Indians Plan Campaign For Votes", : 5.
(Mar. 16) "CCF Pressing Franchise for East Indians", : 4.
(Oct. 18) "East Indians Push Demand for Votes", : 21.
1947 (Sept. 10) "Council Sidetracks East Indian Votes", : 10.

<u>Victoria Daily Times</u>

1922 (Aug. 14) "Sastri To Ask Government For Vote For Hindus", : 16.
(Aug. 19) "Wants Hindu To Vote Here", : 1.
(Nov. 20) "Warns Ottawa Not To Allow Asiatics Franchise in B.C.", : 2.
1923 (Nov. 28) "No Votes For Hindus In B.C., 'Hands Off' Warning To Ottawa", : 1.
1927 (Apr. 11) "Hindustanis See Governor General On



Citizenship", : 9.
1942 (Oct. 9) "B.C. East Indians Object To Service Without Vote", : 2.
1943 (Mar. 1) "Hindus Demand Vote In B.C.", : 1.
(Mar. 2) "East Indians See B.C. Cabinet On Franchise Plea", : 11.
1944 (Feb. 26) "Vote For Hindus Urged In House", : 5.
(Mar. 9) "Minister Finds B.C. East Indians Create Labor Law Problem", : 14.
(Mar. 14) "Pearson Receives East Indian Protest", : 11.
(Dec. 5) "Maitland Opposes East Indians' Vote", : 11.
1945 (Jan. 26) "East Indians of B.C. Ask Government for Vote",:13.
(Jan. 29) "Shipyards Ask Vote", : 2.
(Mar. 14) "To Give Hindus Vote", : 11.
(Mar. 28) "Four Votes Kill Right of Franchise For Hindus in B.C.", : 8.
(Apr. 7) "Franchise For East Indians", : 4.
(Apr. 12) "Vote and East Indians", : 4.
(1946) (Aug.13) "B.C. Sikh Treatment May Fix India Policy", : 8.
(Oct. 21) "Dr. Pandia Appeals For Hindu Franchise", : 15.
(Nov. 7) "BC East Indians May Get Vote", : 5.

ਰਮਿੰਦਰਜੀਤ ਧਾਮੀ 594-8235

ਇਹ ਕਿਤਾਬ ਛਾਪਣ ਵਾਸਤੇ ਮਾਇਕ ਸਹਾਇਤਾ **ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ** (ਪਾਰ, PAAR) ਵਲੋਂ ਦਿੱਤੀ ਗਈ ਹੈ।

**ਪਾਰ**, ਲੰਮੇ ਸਮੇਂ ਤੋਂ ਪੰਜਾਬੀ ਲੋਕ-ਨਾਚ ਭੰਗੜੇ ਦੇ ਰਵਾਇਤੀ ਰੂਪ ਨੂੰ ਬਰਕਰਾਰ ਰੱਖਣ ਅਤੇ ਕਨੇਡਾ ਵਿਚ ਜੰਮ-ਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਨੂੰ ਲੋਕ-ਨਾਚ ਰਾਹੀਂ ਆਪਣੇ ਵਿਰਸੇ ਨਾਲ ਜੋੜਨ ਦੇ ਸੁਹਿਰਦ ਯਤਨਾਂ ਕਰਕੇ ਇਕ ਵਿਲੱਖਣ ਪਛਾਣ ਰੱਖਣ ਵਾਲੀ ਜਥੇਬੰਦੀ ਹੈ। ਇਸ ਕਿਤਾਬ ਦੀ ਛਪਾਈ ਵਿਚ ਮਾਇਕ ਸਹਾਇਤਾ ਕਰਨੀ ਇਸ ਜਥੇਬੰਦੀ ਦੀ ਸਾਫ ਸੋਚ ਅਤੇ ਸੇਧ ਦੀ ਹੀ ਲਖਾਇਕ ਹੈ। ਉਨ੍ਹਾਂ ਦੇ ਇਸ ਸਹਿਯੋਗ ਲਈ ਅਸੀਂ ਸਮੁੱਚੇ **ਪਾਰ** ਗਰੁੱਪ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

– ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ

---

## ਲੇਖਕਾਂ ਦੀਆਂ ਹੋਰ ਰਚਨਾਵਾਂ

**ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ ਦੀਆਂ ਸਾਂਝੀਆਂ ਕਿਤਾਬਾਂ**।

ਮਲੂਕਾ (ਨਾਵਲ – ਗੁਰਮੇਲ ਰਾਏ ਨਾਲ ਅੰਗ੍ਰੇਜ਼ੀ ਤੋਂ ਅਨੁਵਾਦ) 1988
ਪਿਕਟ ਲਾਈਨ (ਨਾਟਕ ਸੰਗ੍ਰਹਿ) 1977
ਕਥਾ ਕਨੇਡਾ (ਸੰਪਾਦਿਤ ਕਹਾਣੀ ਸੰਗ੍ਰਹਿ) 1997

**ਸਾਧੂ ਬਿਨਿੰਗ ਦੀਆਂ ਕਿਤਾਬਾਂ*:**

ਸੋਨੇ ਰੰਗੀ ਸੜਕ (ਕਾਵਿ ਸੰਗ੍ਰਹਿ)
ਕਿਸਦਾ ਕਸੂਰ (ਕਹਾਣੀ ਸੰਗ੍ਰਹਿ)
ਰਿਸ਼ਤੇ ਦਰਿਆਵਾਂ ਦੇ (ਕਾਵਿ ਸੰਗ੍ਰਹਿ)
ਲੀਹੋਂ ਲੱਥੇ (ਕਹਾਣੀ ਸੰਗ੍ਰਹਿ)
ਵਤਨੋਂ ਦੂਰ ਨਹੀ (ਕਾਵਿ ਸੰਗ੍ਰਹਿ – ਪੰਜਾਬੀ ਅਤੇ ਅੰਗ੍ਰੇਜ਼ੀ ਵਿਚ)
ਜੰਗਲ ਦੇ ਵਿਰੁੱਧ (ਸੰਪਾਦਿਤ ਕਾਵਿ ਸੰਗ੍ਰਹਿ – ਸੁਖਪਾਲ ਨਾਲ)
– ਪੰਦਰਾਂ ਤੋਂ ਉੱਪਰ ਪੰਜਾਬੀ ਅੰਗ੍ਰੇਜ਼ੀ ਦੇ ਕਾਵਿ, ਕਹਾਣੀ ਤੇ ਨਾਟਕ ਸੰਗ੍ਰਹਿਆਂ ਵਿਚ ਰਚਨਾਵਾਂ ਸ਼ਾਮਲ।

* ਇਨ੍ਹਾਂ ਵਿਚੋਂ ਬਹੁਤੀਆਂ ਕਿਤਾਬਾਂ ਸਾਧੂ ਦੇ ਨਾਮ ਥੱਲੇ ਛਪੀਆਂ ਹਨ।



# ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ:

### ਪੰਜਾਹਵੀ ਵਰ੍ਹੇ ਗੰਢ ਸਮੇਂ ਵਿਸ਼ੇਸ਼

ਸੁਖਵੰਤ ਹੁੰਦਲ
ਅਤੇ
ਸਾਧੂ ਬਿਨਿੰਗ

ਸੱਥ ਪਬਲੀਕੇਸ਼ਨਜ਼, ਵੈਨਕੂਵਰ, ਬੀ. ਸੀ.